ੴ

# ਅੰਮ੍ਰਿਤ ਕੀਰਤਨ

ਸਤੰਬਰ 2015




ਮੁੱਲ 15/-

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Posting Date 01 ਸਤੰਬਰ 2015

# ਬਾਰਹਮਾਹ - ਪੋਹ

ਪੀਰਾਂ ਦਾ ਪੀਰ ਹੈਂ ਤੂੰ,
ਤੇ ਤੱਕ ਫਕੀਰਾਂ ਵਾਲੀ ਏ।
ਸਭ ਸ਼ਕਲਾਂ ਵਿਚ ਨੂਰ ਹੈ ਤੇਰਾ,
ਕੀ ਗੋਰੀ ਕੀ ਕਾਲੀ ਏ।
ਮੈਂ ਤਾਂ ਫਿਰਾਂ ਉਨ੍ਹਾਂ ਦੇ ਪਿੱਛੇ,
ਬ੍ਰਿਹੋਂ, ਅਗਨ ਦੀ ਜਾਲੀ ਏ।
ਹੱਡੀਆਂ ਸੜ ਸੜ ਹੋਈਆਂ ਢੇਰੀ,
ਦੇਹੀ ਤਾਂਘ ਉਬਾਲੀ ਏ।
ਸਭ ਪਾਸੇ ਪਰਪੰਚ ਰਚਾਇਆ,
ਕਿਸੇ ਥਾਂ ਤੋਂ ਨਹੀਂ ਖਾਲੀ ਏ।
ਦਰਸ਼ਨ ਪਾਕੇ ਗਦ ਗਦ ਹੋਈ,
ਜੋ ਬ੍ਰਿਹਨ ਨਸੀਬਾਂ ਵਾਲੀ ਏ।
ਸੰਤੋਖ ਸਿੰਘ ਦਰ ਤੇਰੇ ਤੇ,
ਹੱਥ ਬੰਨ੍ਹ ਕੇ ਖੜਾ ਸਵਾਲੀ ਏ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

ਸੰਪਾਦਕੀ:
ਗੁਰਬਾਣੀ ਵਿੱਚ ਬੇਨਤੀ ਦਾ ਸੰਕਲਪ 4

ਗੁਰਮਤਿ ਸੰਗੀਤ ਵਿਚ ਰਾਗ ਬਸੰਤ
ਡਾ: ਗੁਰਨਾਮ ਸਿੰਘ 5

ਸੰਗੀਤ ਸਿੱਖਿਆ ਅਤੇ ਵਿਦਿਆਰਥੀ
ਡਾ: ਹਰਮਿੰਦਰ ਕੌਰ 9

ਦਿਲਰੁਬਾ
ਰਣਜੀਤ ਸਿੰਘ 14

ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚਿਤ ਬਾਣੀ
ਤੇ ਅਧਾਰਿਤ ਕੀਰਤਨ ਦਰਬਾਰ
ਕਰਤਾਰ ਸਿੰਘ ਪ੍ਰੋ 19

ਸੁਰਲਿਪੀ ਰਾਗ ਕਾਨੜਾ ਮਹਲਾ
ਪ੍ਰਿ. ਦਿਆਲ ਸਿੰਘ 21

### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

# ਕਰਉ ਬੇਨੰਤੀਆ

## ਗੁਰਬਾਣੀ ਵਿਸ਼ਚ ਬੇਨਤੀ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਭਾਵੇਂ ਵੱਖ ਵੱਖ ਧਰਮਾਂ ਦੇ ਸੰਤਾਂ, ਭਗਤਾਂ, ਮਹਾਂਪੁਰਖਾਂ ਦੀ ਹੈ, ਇਹ ਮਹਾਂਪੁਰਖ ਵੱਖ ਵੱਖ ਸਮੇਂ ਅਤੇ ਵੱਖ ਵੱਖ ਸਥਾਨਾਂ ਨਾਲ ਸਬੰਧਤ ਹਨ ਪਰ ਫਿਰ ਵੀ ਇਹਨਾਂ ਦੀ ਬਾਣੀ ਵਿੱਚ ਕਮਾਲ ਦੀ ਭਾਵਨਾਤਮਕ ਇਕਸੁਰਤਾ ਹੈ। ਇਸ ਨੂੰ ਸਮਝਣ ਅਤੇ ਇਸ ਦਾ ਆਨੰਦ ਮਾਣਨ ਲਈ ਕਿਸੇ ਇੱਕ ਸੰਕਲਪ ਦਾ ਅਧਿਐਨ ਕਰਨਾਂ ਉਚਿਤ ਹੈ। ਅਸੀਂ ਇਸ ਲਈ ਇਸ ਅੰਕ ਵਿੱਚ ਬੇਨਤੀ ਦੇ ਸੰਕਲਪ ਨੂੰ ਸਮਝਣ ਦਾ ਜਤਨ ਕਰਦੇ ਹਾਂ।

ਪੇਸ਼ ਹਨ ਕੁਝ ਪਾਵਨ ਤੁਕਾਂ .....

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ (੫੨੩)  
॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ (੫੬੪)  
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥(੧੩੪)  
॥ ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥(੧੬੩)

ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥(੨੦੪)

ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ॥(੨੦੫)

ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ ॥(੨੪੧)

ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥(੨੬੭)  
ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥(੨੬੯)  
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥(੨੮੯)  
ਆਪੁ ਛੋਡਿ ਬੇਨਤੀ ਕਰਹੁ ॥(੨੯੫)  
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥(੩੪੫)  
ਕਰਉ ਬੇਨਤੀ ਸਤਿਗੁਰ ਅਪੁਨੀ ॥(੩੮੮)  
ਕਰਉ ਬੇਨਤੀ ਸਤਿਗੁਰ ਅਪੁਨੀ ॥(੪੪੯)  
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥(੪੬੮)  
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥(੪੬੮)

ਇਹਨਾਂ ਤੁਕਾਂ ਵਿੱਚ ਬੇਨਤੀ ਕੌਣ ਕਰ ਰਿਹਾ ਹੈ? ਬੇਨਤੀ ਕਰਨ ਵਾਲੇ ਦੀ ਅਵਸਥਾ ਕੀ ਹੈ? ਬੇਨਤੀ ਕਿਸ ਅੱਗੇ ਕੀਤੀ ਜਾ ਰਹੀ ਹੈ? ਬੇਨਤੀ ਕਿਉਂ ਕੀਤੀ ਜਾ ਰਹੀ ਹੈ? ਬੇਨਤੀ ਵਿੱਚ ਮੰਗ ਕੀ ਕੀਤੀ ਜਾ ਰਹੀ ਹੈ? ਅਜਿਹੇ ਪ੍ਰਸ਼ਨਾਂ ਦੇ ਪ੍ਰਸੰਗ ਵਿੱਚ ਇਹਨਾਂ ਤੁਕਾਂ ਦਾ ਪਾਠ ਕਰਾਂਗੇ ਤਾਂ ਗੁਰਬਾਣੀ ਪੜ੍ਹਨ, ਸੁਣਨ ਅਤੇ ਗਾਇਨ ਕਰਨ ਦਾ ਨਿਵੇਕਲਾ ਆਨੰਦ ਆਵੇਗਾ। ਭੁੱਲ ਚੁੱਕ ਖਿਮਾਂ

# ਗੁਰਮਤਿ ਸੰਗੀਤ ਵਿਚ ਰਾਗ ਬਸੰਤ

ਡਾ. ਗੁਰਨਾਮ ਸਿੰਘ

ਬਸੰਤ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਪੁਰਾਤਨ ਮੱਧ ਕਾਲੀਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਹਰੇਕ ਗ੍ਰੰਥਕਾਰ ਨੇ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਦਾ ਇਹ ਮਹੱਤਵਪੂਰਣ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਅਧੀਨ ਅਨੰਦ ਤੇ ਖੇੜੇ ਦੀਆਂ ਬੰਦਿਸ਼ਾਂ ਗਾਈਆਂ ਜਾਂਦੀਆਂ ਹਨ ਪਰ ਗੁਰਮਤਿ ਸੰਗੀਤ ਵਿਚ ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਓਤਪਰੋਤ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਇਸ ਨੂੰ 25ਵੇਂ ਸਥਾਨ ਪੰਨਾ 1168'ਤੇ ਅੰਕਿਤ ਕੀਤਾ ਗਿਆ ਹੈ। ਇਸ ਰਾਗ ਵਿਚ ਪਉੜੀ ਗਾਇਨ ਦੀ ਪਰੰਪਰਾ ਗੁਰਮਤਿ ਸੰਗੀਤ ਦੀ ਵਿਲੱਖਣਤਾ ਹੈ। ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਬਸੰਤ ਰਾਗ ਸਬੰਧੀ ਗੁਰੂਨਾਨਕ ਦੇਵ ਜੀ ਦਾ ਫੁਰਮਾਨ ਹੈ :

-ਬਨਸਪਤਿ ਮਉਲੀ ਚੜਿਆ ਬਸੰਤੁ।।(3)

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1176

-ਮਾਹਾ ਮਾਹ ਮੁਮਾਰਖੀ ਚੜਿਆ ਬਸੰਤੁ।।(3)

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168

ਸਿੱਖ ਕੀਰਤਨ ਪਰੰਪਰਾ ਵਿਚ ਬਸੰਤ ਰੁੱਤ ਵਿਚ ਰਾਗ ਬਸੰਤ ਦੀ ਚੌਕੀ ਦਾ ਗਾਇਨ ਕਰਨ ਦੀ ਵਿਸ਼ੇਸ਼ ਮਰਿਆਦਾ ਹੈ। ਬਸੰਤ ਰੁੱਤ ਵਿਚ ਕੀਰਤਨ ਦੀ ਆਰੰਭਤਾ ਇਸੇ ਰਾਗ ਨਾਲ ਕੀਤੀ ਜਾਂਦੀ ਹੈ। ਕੀਰਤਨ ਦੀ ਸੰਪਨਤਾ ਬਸੰਤ ਦੀ ਪਉੜੀ ਲਗਾ ਕੇ ਕੀਤੀ ਜਾਂਦੀ ਹੈ। ਰੁੱਤਕਾਲੀਨ ਰਾਗ ਹੋਣ ਕਰਕੇ ਰਾਗ ਬਸੰਤ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਮਾਘ ਮਹੀਨੇ ਤੋਂ ਹੋਲੇ ਮਹੱਲੇ ਦੇ ਤਿਉਹਾਰ ਤੱਕ ਗਾਇਨ ਕਰਨ ਦੀ ਰੀਤ ਹੈ। ਜਿਸ ਅਨੁਸਾਰ ਇਸ ਸਮੇਂ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੁੰਦਾ ਹੈ, ਉਸ ਵਿਚ ਬਸੰਤ ਅਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰਾਗ ਪ੍ਰਕਾਰਾਂ ਵਿਚ ਗਾਇਨ ਕਰਨਾ ਲਾਜ਼ਮੀ ਮੰਨਿਆ ਜਾਂਦਾ ਹੈ। ਇਸ ਕੀਰਤਨ ਨੂੰ ਬਸੰਤ ਦੀ ਕੀਰਤਨ ਚੌਕੀ ਵੀ ਕਿਹਾ ਜਾਂਦਾ ਹੈ ਅਤੇ ਇਸ ਦੇ ਅੰਤ ਵਿਚ ਬਸੰਤ ਦੀ ਵਾਰ ਦੀਆਂ ਪਉੜੀਆਂ ਦਾ ਗਾਇਨ ਵੀ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਰਾਗ ਬਸੰਤ ਦਾ ਆਰੰਭ ਸ੍ਰੀ ਦਰਬਾਰ

ਸਾਹਿਬ ਵਿਖੇ ਮਾਘੀ ਦੀ ਸੰਗਰਾਂਦ ਤੋਂ ਇਕ ਰਾਤ ਪਹਿਲਾਂ ਵਿਸ਼ੇਸ਼ ਅਰਦਾਸ ਕਰਕੇ ਕੀਤਾ ਜਾਂਦਾ ਹੈ। ਰਾਗ ਬਸੰਤ ਦੇ ਆਰੰਭ ਦੀ ਇਸ ਰੀਤ ਨੂੰ ਗੁਰਮਤਿ ਸੰਗੀਤ ਵਿਚ ਬਸੰਤ ਖੋਲਣਾ ਕਿਹਾ ਜਾਂਦਾ ਹੈ। ਰਾਗ ਬਸੰਤ ਦਾ ਸਮਾਪਨ ਹੋਲੇ ਮਹੱਲੇ ਦੇ ਤਿਉਹਾਰ 'ਤੇ ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ ਵਿਖੇ ਕੀਤਾ ਜਾਂਦਾ ਹੈ ਜਿਸ ਵਿਚ ਹੋਲੇ ਮਹੱਲੇ ਤੋਂ ਇਕ ਰਾਤ ਪਹਿਲਾਂ ਬਸੰਤ ਰਾਗ 'ਤੇ ਅਧਾਰਿਤ ਇਕ ਵਿਸ਼ੇਸ਼ ਰਾਗ ਦਰਬਾਰ ਸੱਜਦਾ ਹੈ ਜਿਸ ਵਿਚ ਕੀਰਤਨੀਏ ਬਸੰਤ ਅਤੇ ਹੋਲੀ ਨਾਲ ਸਬੰਧਤ ਕੀਰਤਨ ਕਰਦੇ ਹਨ ਅਤੇ ਅੰਤ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਸ਼ਸਤਰ ਮਾਲਾ ਵਿਚੋਂ ਕੀਤਾ ਜਾਂਦਾ ਹੈ। ਇਸ ਕੀਰਤਨ ਚੌਕੀ ਦਾ ਆਰੰਭ ਸਾਵਣ ਦੀ ਸੰਗਰਾਂਦ ਤੋਂ ਹੁੰਦਾ ਹੈ। ਜਿਨ੍ਹਾਂ ਮਹੀਨਿਆਂ ਵਿਚ ਬਸੰਤ ਰਾਗ ਦਾ ਗਾਇਨ ਹੁੰਦਾ ਹੈ ਉਸ ਸਮੇਂ ਸਾਰੰਗ ਰਾਗ ਬਿਲਕੁਲ ਨਹੀਂ ਗਾਇਆ ਜਾਂਦਾ।

ਬਸੰਤ ਰਾਗ ਦੇ ਅੰਤਰਗਤ ਗੁਰੂਨਾਨਕ ਦੇਵ ਜੀ ਦੇ ਅੱਠ ਪਦੇ, ਸੱਤ ਅਸ਼ਟਪਦੀਆਂ; ਗੁਰੂਅਮਰਦਾਸ ਜੀ ਦੇ ਸਤਾਰਾਂ ਪਦੇ; ਗੁਰੂਰਾਮਦਾਸ ਜੀ ਦੋ ਪਦੇ; ਗੁਰੂਅਰਜਨ ਦੇਵ ਜੀ ਅਠਾਰਾਂ ਪਦੇ ਦੋ ਅਸ਼ਟਪਦੀਆਂ ਤੇ ਇਕ ਵਾਰ; ਭਗਤ ਕਬੀਰ ਜੀ ਦੇ ਸੱਤ; ਨਾਮਦੇਉ ਜੀ ਦੇ ਤਿੰਨ ਪਦੇ ਤੇ ਭਗਤ ਰਵੀਦਾਸ ਇਕ ਪਦਾ ਬਾਣੀ ਰੂਪ ਦਰਜ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਇਸ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਰੱਖਿਆ ਗਿਆ ਹੈ। ਗੁਰੁ ਗਿਰਾਰਥ ਕੋਸ਼ ਵਿਚ ਬਸੰਤ ਨੂੰ ਸਿਰੀ ਰਾਗ ਦੀ ਰਾਗਨੀ ਸਵੀਕਾਰਿਆ ਗਿਆ ਹੈ। ਭਾਰਤੀ ਸੰਗੀਤਕਾਰਾਂ ਵਿਚ ਇਸ ਰਾਗ ਦੇ ਸਰੂਪ ਬਾਰੇ ਭਿੰਨ-ਭਿੰਨ ਮੱਤ ਪ੍ਰਚਲਿਤ ਹਨ। ਇਕ ਮੱਤ ਅਨੁਸਾਰ ਇਹ ਮਾਰਵਾ ਥਾਟ ਦਾ ਸੰਪੂਰਨ ਰਾਗ ਹੈ। ਦੂਜੇ ਮੱਤ ਅਨੁਸਾਰ ਇਹ ਰਾਗ ਥਾਟ ਮਾਰਵਾ, ਪੰਚਮ ਵਰਜਿਤ, ਤੀਜੇ ਮੱਤ ਅਨੁਸਾਰ ਥਾਟ ਪੂਰਵੀ, ਕੇਵਲ ਤੀਵਰ ਮਧਿਅਮ, ਚੌਥੇ ਨੇ ਥਾਟ ਪੂਰਵੀ, ਦੋਵੇਂ ਮਾਧਿਅਮ ਆਦਿ। ਕੁਝ ਗ੍ਰੰਥਕਾਰ ਬਸੰਤ ਰਾਗ ਵਿਚ ਕੋਮਲ ਗੰਧਾਰ ਅਤੇ ਥਾਟ ਤੋੜੀ ਮੰਨਦੇ ਹਨ। ਵਰਤਮਾਨ ਸਮੇਂ ਵਿਚ ਰਾਗ ਬਸੰਤ ਪੂਰਵੀ ਥਾਟ ਅਤੇ ਮਧਿਅਮ ਦੋਵੇਂ, ਜ਼ਿਆਦਾ ਪ੍ਰਚਾਰ ਵਿਚ ਹੈ।

ਕੁਝ ਸੰਗੀਤ ਵਿਦਵਾਨਾਂ ਇਸ ਰਾਗ ਨੂੰ ਪੁਰਾਤਨ ਬਸੰਤ ਰਾਗ ਜੋ ਕਿ ਬਿਲਾਵਲ ਥਾਟ ਦਾ ਰਾਗ ਹੈ, ਨੂੰ ਮਾਨਤਾ ਦਿੰਦੇ ਹਨ। ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਰਾਗ ਦੇ ਪੁਰਾਤਨ ਬਿਲਾਵਲ ਥਾਟ ਦੇ ਸਰੂਪ ਨੂੰ ਹੀ ਪ੍ਰਵਾਨਿਆ ਹੈ। ਰਾਗ ਬਸੰਤ ਦੇ ਕੁਝ ਪ੍ਰਕਾਰ ਨਿਮਨਲਿਖਤ ਹਨ:

1. ਕਲਿਆਣ-ਅੰਗ, ਵਾਦੀ : ਤਾਰ ਸ਼ੜਜ, ਸੰਵਾਦੀ : ਗੰਧਾਰ, ਸੁਰ : ਦੋਵੇਂ ਮਧਿਅਮ, ਰਿਸ਼ਭ ਦੁਰਬਲ, ਸਮਾਂ : ਬਸੰਤ ਰੁੱਤ।
2. ਥਾਟ : ਪੂਰਵੀ, ਜਾਤੀ : ਔੜਵ-ਸੰਪੂਰਨ, ਵਰਜਿਤ ਸੁਰ : ਆਰੋਹ ਵਿਚ ਰਿਸ਼ਭ, ਪੰਚਮ, ਵਾਦੀ-ਸੰਵਾਦੀ : ਤਾਰ, ਸ਼ੜਜ : ਪੰਚਮ, ਸਮਾਂ : ਅੱਧੀ ਰਾਤ ਤੋਂ ਬਾਅਦ।
3. ਥਾਟ : ਪੂਰਵੀ, ਜਾਤੀ : ਔੜਵ-ਵਕਰ ਸੰਪੂਰਨ, ਵਾਦੀ : ਤਾਰ ਸ਼ੜਜ, ਸੰਵਾਦੀ-ਪੰਚਮ, ਸੁਰ :

ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ, ਵਰਜਿਤ ਸੁਰ : ਰਿਸ਼ਭ ਆਰੋਹ ਵਿਚ, ਸਮਾਂ : ਬਸੰਤ ਰੁੱਤ ਵਿਚ ਹਰ ਵੇਲੇ।

4. ਨਿਮਨਲਿਖਤ ਸਰੂਪ ਗੁਰਮਤਿ ਸੰਗੀਤ ਪਰੰਪਰਾ ਦੇ ਵਿਦਵਾਨਾਂ ਤੇ ਰਾਗ ਨਿਰਣਾਇਕ ਕਮੇਟੀ ਨੇ ਪ੍ਰਵਾਨ ਕੀਤਾ ਹੈ। ਬਸੰਤ ਰਾਗ ਦੇ ਇਸ ਰੂਪ ਵਿਚ ਸਾਰੇ ਸੁਰ ਸ਼ੁੱਧ ਹਨ। ਆਰੋਹ ਵਿਚ ਰਿਸ਼ਭ ਅਤੇ ਪੰਚਮ ਹੈ ਅਤੇ ਇਸ ਦੀ ਜਾਤੀ ਔੜਵ ਸੰਪੂਰਨ ਹੈ। ਇਸ ਰਾਗ ਨੂੰ ਬਸੰਤ ਰੁੱਤ ਵਿਚ ਹਰ ਵੇਲੇ ਗਾਇਆ ਵਜਾਇਆ ਜਾ ਸਕਦਾ ਹੈ। ਇਸ ਦਾ ਵਾਦੀ ਸੁਰ ਤਾਰ ਸਪਤਕ ਦਾ ਸ਼ੜਜ ਅਤੇ ਸੰਵਾਦੀ ਮਧਿਅਮ ਹੈ। ਇਸ ਦਾ ਆਰੋਹ : ਸ਼ੜਜ ਗੰਧਾਰ ਮਧਿਅਮ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ ਮਧਿਅਮ, ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਹੀ ਰਾਗ ਬਸੰਤ ਅਧੀਨ ਰਾਗ ਬਸੰਤ ਹਿੰਡੋਲ ਦਾ ਅੰਕਣ ਪੰਨਾ 1171 'ਤੇ ਕੀਤਾ ਗਿਆ ਹੈ ਜੋ ਬਸੰਤ ਅਤੇ ਹਿੰਡੋਲ ਰਾਗਾਂ ਦੇ ਮਿਸ਼ਰਣ ਤੋਂ ਬਣਿਆ ਹੈ। ਇਸ ਰਾਗ ਦੇ ਅੰਤਰਗਤ ਗੁਰੂਨਾਨਕ ਦੇਵ ਜੀ ਦੇ ਚਾਰ ਪਦੇ, ਇਕ ਅਸ਼ਟਪਦੀ; ਗੁਰੂਅਮਰਦਾਸ ਜੀ ਦੇ ਚਾਰ ਇਕ ਪਦਾ; ਗੁਰੂਰਾਮਦਾਸ ਜੀ ਪੰਜ ਪਦੇ ਇਕ ਅਸ਼ਟਪਦੀ; ਗੁਰੂਅਰਜਨ ਦੇਵ ਜੀ ਤਿੰਨ ਪਦੇ; ਤੇਗ ਬਹਾਦਰ ਜੀ ਦੇ ਪੰਜ ਪਦੇ; ਭਗਤ ਕਬੀਰ ਜੀ ਤੇ ਰਾਮਾਨੰਦ ਜੀ ਦਾ ਇਕ ਪਦਾ ਬਾਣੀ ਰੂਪ ਦਰਜ ਹੈ। ਗੁਰੂਗ੍ਰੰਥ ਸਾਹਿਬ ਵਿਚ ਬਸੰਤ ਹਿੰਡੋਲ ਘਰ 2 ਮਹਲਾ 5 ਅਤੇ ਬਸੰਤ ਮਹਲਾ 5 ਘਰ 2 ਹਿੰਡੋਲ ਆਦਿ ਸਿਰਲੇਖਾਂ ਅਧੀਨ ਇਸ ਰਾਗ ਨੂੰ ਅੰਕਿਤ ਕੀਤਾ ਗਿਆ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਰਾਗ ਬਸੰਤ ਅਤੇ ਰਾਗ ਹਿੰਡੋਲ ਦਾ ਵੱਖਰਾ-ਵੱਖਰਾ ਉਲੇਖ ਹੈ ਪਰੰਤੂਰਾਗ ਬਸੰਤ ਹਿੰਡੋਲ ਦੇ ਬਾਰੇ ਵਿਚ ਸੁਤੰਤਰ ਰੂਪ ਵਿਚ ਕੋਈ ਉਲੇਖ ਪ੍ਰਾਪਤ ਨਹੀਂ ਹੁੰਦਾ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਰਾਗ ਬਸੰਤ ਹਿੰਡੋਲ ਦਾ ਉਲੇਖ ਰਾਗ ਕੋਸ਼ ਅਤੇ ਰਾਗ ਵਿਆਕਰਣ ਵਿਚ ਮਿਲਦਾ ਹੈ।

ਬਸੰਤ ਹਿੰਡੋਲ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸੰਗੀਤ ਦੇ ਵਿਦਵਾਨਾਂ ਨੇ ਇਸ ਦੀ ਉਤਪਤੀ ਪੂਰਵੀ ਅਤੇ ਮਾਰਵਾ ਥਾਟ ਤੋਂ ਮੰਨੀ ਹੈ। ਉਨ੍ਹਾਂ ਅਨੁਸਾਰ ਬਸੰਤ ਹਿੰਡੋਲ ਦਾ ਆਪਣਾ ਸੁਤੰਤਰ ਰੂਪ ਹੋਣ ਕਰਕੇ ਇਹ ਆਪਣੀ ਅਲੱਗ ਹੋਂਦ ਰੱਖਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਬਸੰਤ ਹਿੰਡੋਲ ਦੇ ਸਰੂਪ ਵਿਚ ਇਸ ਦੀ ਜਾਤੀ ਔੜਵ-ਸੰਪੂਰਨ ਪ੍ਰਵਾਨ ਕੀਤੀ ਹੈ। ਇਸ ਵਿਚ ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਮੰਨਿਆ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਧੈਵਤ ਦੋਵੇਂ ਵਰਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ-ਪੰਚਮ ਸੁਰ ਵਰਜਿਤ ਹਨ ਅਤੇ ਗਾਇਨ ਦਾ ਸਮਾਂ ਰਾਤ ਦਾ ਤੀਸਰਾ ਪਹਿਰ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਵਿਚ ਬਸੰਤ ਹਿੰਡੋਲ ਰਾਗ ਨੂੰ ਕਲਿਆਣ ਅੰਗ ਤੋਂ ਗਾਉਣ ਦੀ ਪ੍ਰਥਾ ਹੈ। ਇਸ ਵਿਚ ਰਾਗ ਦਾ ਵਾਦੀ ਸੁਰ ਸ਼ੜਜ ਸੰਵਾਦੀ ਗੰਧਾਰ ਅਤੇ ਗਾਇਨ ਸਮਾਂ ਬਸੰਤ ਰੁੱਤ ਦਾ ਮੰਨਿਆ ਜਾਂਦਾ

ਹੈ। ਇਸ ਆਰੋਹ-ਅਵਰੋਹ ਵਿਚ 'ਰੇ' ਅਤੇ 'ਪ' ਸੁਰ ਵਰਜਿਤ ਹੋਣ ਕਰਕੇ ਇਸ ਰਾਗ ਦੀ ਜਾਤੀ ਔੜਵ-ਔੜਵ ਮੰਨੀ ਗਈ ਹੈ।

ਬਸੰਤ ਹਿੰਡੋਲ ਰਾਗ ਦਾ ਇਕ ਹੋਰ ਸਰੂਪ ਮਾਰਵਾ ਥਾਟ ਮਿਲਦਾ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਤੇ ਨਿਸ਼ਾਦ ਅਤੇ ਅਵਰੋਹ ਵਿਚ ਪੰਚਮ ਸੁਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸ਼ਾੜਵ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਧੈਵਤ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਅਨੁਸਾਰ ਇਸ ਰਾਗ ਵਿਚ ਦੋਵੇਂ ਮਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਇਸ ਦੀ ਜਾਤੀ ਵਕਰ ਸ਼ਾੜਵ-ਔੜਵ ਮੰਨੀ ਜਾਂਦੀ ਹੈ। ਇਸ ਰਾਗ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਮੰਨਿਆ ਗਿਆ ਹੈ ਪਰੰਤੂਵਰਖਾ ਰੁੱਤ ਵਿਚ ਹਰ ਸਮੇਂ ਗਾਇਨ ਕਰਨ ਦਾ ਪ੍ਰਚਲਨ ਹੈ।

ਉਕਤ ਰਾਗਾਂ ਦੇ ਅਧੀਨ 20ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www. gurmatsangeetpup.com, www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਬਸੰਤ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ 'ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਪ੍ਰੋਫੈਸਰ ਤੇ ਮੁਖੀ,
ਗੁਰਮਤਿ ਸੰਗੀਤ ਚੇਅਰ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ

# ਸੰਗੀਤ ਸਿੱਖਿਆ ਅਤੇ ਵਿਦਿਆਰਥੀ

## ਡਾ. ਹਰਮਿੰਦਰ ਕੌਰ

ਪ੍ਰਾਚੀਨ ਸਮੇਂ ਤੋਂ ਸੰਗੀਤ ਸਿੱਖਿਆ ਗੁਰੂ ਸ਼ਿਸ਼ ਪ੍ਰੰਪਰਾ ਰਾਹੀਂ ਦਿਤੀ ਜਾ ਰਹੀ ਹੈ। ਸਮੇਂ ਦੇ ਪਰਿਵਤਰਨ ਨਾਲ ਜਿਵੇਂ ਗੁਰੂ ਦੀ ਥਾਂ ਅਧਿਆਪਕ ਸ਼ਬਦ ਪ੍ਰਯੋਗ ਹੋਣ ਲੱਗਿਆ ਉਸੇ ਤਰ੍ਹਾਂ ਸ਼ਿਸ਼ ਦੀ ਜਗ੍ਹਾਂ ਵਿਦਿਆਰਥੀ ਨੇ ਲੈ ਲਈ। ਬਦਲਦੇ ਹਾਲਾਤਾਂ ਨਾਲ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨਾ ਆਪਣਾ ਹੱਕ ਅਤੇ ਸੰਗੀਤ ਦੀ ਤਾਲੀਮ ਦੇਣੀ ਅਧਿਆਪਕ ਦਾ ਮਾਤਰ ਫਰਜ਼ ਸਮਝਣ ਲੱਗ ਪਿਆ ਹੈ।ਪਿਛਲੇ ਆਰਟੀਕਲਾਂ ਦੀ ਲੜੀ ਵਿੱਚ ਆਦਰਸ਼ ਅਧਿਆਪਕ ਦੇ ਗੁਣਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਸਿੱਖਣ ਪਰਕਿਰਿਆ ਦੇ ਅਧਾਰ-ਬਿੰਦੂ ਵਿਦਿਆਰਥੀ ਨੂੰ ਵੀ ਸੰਗੀਤ ਦੀ ਸਿੱਖਿਆ ਹਾਸਲ ਕਰਨ ਲਈ ਕੁਝ ਗੁਣਾਂ ਨੂੰ ਅਪਣਾਉਣਾ ਜ਼ਰੂਰੀ ਹੈ। ਉਸਨੂੰ ਆਪਣੇ ਕਰਤੱਵ ਨੂੰ ਸਮਝਣਾ ਪਵੇਗਾ ਤਾਂ ਹੀ ਉਹ ਸੰਗੀਤ ਸਿੱਖਿਆ ਨੂੰ ਸਹੀ ਮਾਇਨੇ ਵਿੱਚ ਆਪਣੇ ਅੰਦਰ ਸਮੋ ਸਕੇਗਾ। ਅਧਿਆਪਕ ਅਤੇ ਵਿਦਿਆਰਥੀ ਦਾ ਸੰਬੰਧ ਗੁਰੂ-ਸ਼ਿਸ਼ ਦੀ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਵਰਤਮਾਨ ਸਮੇਂ ਵਿੱਚ ਆਦਰਸ਼ ਵਿਦਿਆਰਥੀਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਉਹ ਸ਼ਰਧਾ ਭਾਵਨਾ ਨਾਲ ਸੰਗੀਤ ਨਾ ਸਿੱਖ ਕੇ ਡਿਗਰੀ ਲੈਣ ਦੀ ਹੋੜ ਵਿੱਚ ਹਨ। ਜੇਕਰ ਵਿਦਿਆਰਥੀ ਸੰਗੀਤ ਸਿੱਖਣ ਦੇ ਚਾਹਵਾਨ ਹਨ ਤਾਂ ਉਹਨਾਂ ਨੂੰ ਕੁਝ ਗੁਣਾਂ ਅਤੇ ਵਿਸ਼ੇਸ਼ਤਾਵਾਂ ਨੂੰ ਆਪਣੇ ਅੰਦਰ ਵਸਾਉਣਾ ਪਵੇਗਾ ਤਾਂ ਹੀ ਉਹ ਸਹੀ ਰੂਪ ਵਿੱਚ ਸੰਗੀਤ ਦੀ ਸਿੱਖਿਆ ਲੈ ਸਕਦੇ ਹਨ। ਇੱਕ ਸੁਘੜ ਸੰਗੀਤ ਵਿਦਿਆਰਥੀ ਵਿੱਚ ਕਿਹੜੇ ਗੁਣਾਂ ਦਾ ਹੋਣਾ ਅਤਿ ਲਾਜ਼ਮੀ ਹੈ ਆਓ ਇਸ ਬਾਰੇ ਚਰਚਾ ਕਰਦੇ ਹਾਂ।

ਵਿਦਿਆਰਥੀ ਨੂੰ ਅਭਿਆਸੀ ਬਿਰਤੀ ਦਾ ਹੋਣਾ ਲਾਜ਼ਮੀ ਹੈ। ਸੰਗੀਤ ਅਜਿਹੀ ਸੂਖਮ ਕਲਾ ਹੈ ਜਿਸਦਾ ਅਭਿਆਸ ਵੱਧ ਤੋਂ ਵੱਧ ਅਤੇ ਨੇਮ ਨਾਲ ਕਰਨਾ ਜ਼ਰੂਰੀ ਹੈ। ਅਭਿਆਸ ਜਪ ਅਤੇ ਤਪ ਦੇ ਬਰਾਬਰ ਹੈ ਅਤੇ ਇਸ ਨੂੰ ਸਾਧਨਾ/ਰਿਆਜ਼ ਵੀ ਕਿਹਾ ਜਾਂਦਾ ਹੈ। ਅਭਿਆਸ ਦਾ ਅਰਥ 'ਕਿਸੀ ਸਿੱਖੀ ਹੋਈ ਚੀਜ਼ ਨੂੰ ਬਾਰ-ਬਾਰ ਦੁਹਰਾਕੇ ਪੱਕੀ ਕਰਨਾ ਹੈ'। ਇਹ ਇੱਕ ਸਾਧਨਾ, ਮਨਨ ਅਤੇ ਚਿੰਤਨ ਹੈ। ਅਭਿਆਸ ਨਾਲ ਸੰਗੀਤਕਾਰ ਦੀ ਆਵਾਜ਼ ਨੂੰ ਚਾਰ ਚੰਨ ਲੱਗ ਜਾਂਦੇ ਹਨ। ਮੁਸਲਮਾਨ ਸੰਗੀਤਕਾਰਾਂ ਵਿੱਚ ਅਭਿਆਸ ਦੇ ਸੰਬੰਧ ਵਿੱਚ 'ਚਿੱਲਾ-ਖਿੱਚਣ' ਦੀ ਗੱਲ ਮਸ਼ਹੂਰ ਹੈ।

"ਚਿੱਲਾ-ਖਿੱਚਣ ਦਾ ਅਰਥ ਹੈ, ਕਿਸੇ ਇੱਕ ਅਲੰਕਾਰ, ਤਾਨ ਜਾਂ ਰਾਗ ਨੂੰ ਘੱਟ ਤੋਂ ਘੱਟ ਚਾਲੀ ਦਿਨ ਤੱਕ ਗਾਉਣਾ। ਜਦੋਂ ਤੱਕ ਇਹ ਕ੍ਰਮ ਚਲਦਾ ਹੈ ਤਦ ਤੱਕ ਕਲਾਕਾਰ ਘਰੋਂ ਬਾਹਰ ਨਹੀਂ ਜਾਂਦਾ ਅਤੇ ਨਾ ਹੀ ਕਿਸੇ ਨਾਲ ਮਿਲਦਾ ਹੈ।" ਅਭਿਆਸ ਦਾ ਮਹੱਤਵ ਸਾਰੇ ਵਿਸ਼ਿਆਂ ਵਿੱਚ ਹੈ ਪਰ ਕਲਾ ਦੇ ਖੇਤਰ ਵਿੱਚ ਇਸਦੀ ਖਾਸ ਮਹੱਤਤਾ ਹੈ ਅਤੇ ਕਲਾਵਾਂ ਦੇ ਵਿੱਚੋਂ ਸਭ ਤੋਂ ਵੱਧ ਮਹੱਤਵ ਸੰਗੀਤਕਲਾ ਵਿੱਚ ਹੈ। ਵਿਦਿਆਰਥੀਆਂ ਨੂੰ ਅਲੰਕਾਰਾਂ ਦਾ ਅਭਿਆਸ ਕਰਨ ਦੇ ਨਾਲ-ਨਾਲ ਕੋਈ ਇੱਕ ਰਾਗ ਲੈ ਕੇ ਉਸ ਦੀ ਬੰਦਿਸ਼, ਅਲਾਪ ਅਤੇ ਤਾਨਾਂ ਗਾਉਣ ਦਾ ਅਭਿਆਸ ਵੀ ਜ਼ਰੂਰ ਕਰਨਾ ਚਾਹੀਦਾ ਹੈ। ਇਸ ਅਭਿਆਸ ਤੋਂ ਇਲਾਵਾ ਤਬਲੇ ਦੇ ਨਾਲ ਹਰ-ਰੋਜ਼ ਗਾਉਂਣਾ-ਵਜਾਉਂਣਾ ਮਹੱਤਵਪੂਰਨ ਹੈ। ਇੱਕ ਪੁਰਾਣੀ ਕਾਵਿ-ਪੰਕਤੀ ਅਨੁਸਾਰ:-

ਕਰਤ-ਕਰਤ ਅਭਿਆਸ, ਜੜਮਤਿ ਹੋਤ ਸੁਜਾਨ।
ਰਸਰੀ ਆਵਤ-ਜਾਤ ਸੇ, ਸਿਲ ਪਰ ਪੜਤ ਨਿਸ਼ਾਨ॥

ਇਸ ਦਾ ਭਾਵ ਕਿ ਬਾਰ-ਬਾਰ ਅਭਿਆਸ ਕਰਨ ਨਾਲ ਸੰਬੰਧਤ ਵਿਸ਼ੇ ਵਿੱਚ ਗਹਿਰਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸੰਗੀਤ ਅਤੇ ਅਭਿਆਸ ਇੱਕ ਦੂਜੇ ਨਾਲ ਪੂਰਨ ਰੂਪ ਵਿੱਚ ਜੁੜੇ ਹੋਏ ਹਨ, ਇਸੇ ਲਈ ਸੰਗੀਤ ਨੂੰ 'ਸਾਧਨਾ' ਦਾ ਸਥਾਨ ਦਿੱਤਾ ਗਿਆ ਹੈ। ਪਹਿਲੇ ਸਮੇਂ ਵਿੱਚ ਗੁਰੂ ਸਿਖਿਆਰਥੀਆਂ ਨੂੰ ਕਠਿਨ ਅਭਿਆਸ ਕਰਵਾਉਂਦੇ ਸਨ। ਸੰਗੀਤ ਰੂਪੀ ਮਹਿਲ ਨੂੰ ਉਸਾਰਣ ਲਈ ਅਭਿਆਸ ਰੂਪੀ ਨੀਂਹ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਅਭਿਆਸ ਜਾਂ ਸਾਧਨਾ ਨਾਲ ਹੀ ਸੰਗੀਤ ਨੂੰ ਬਰੀਕੀ ਨਾਲ ਸਮਝਣ ਦੀ ਜਾਚ ਆਵੇਗੀ। ਪ੍ਰਸਿੱਧ ਗਾਇਕ ਘੱਗੇ ਖੁਦਾਬਖਸ਼ ਦੀ ਅਵਾਜ਼ ਘੱਗੀ ਹੋਣ ਦੇ ਬਾਵਜੂਦ ਵੀ ਅਭਿਆਸ ਰਾਹੀਂ ਉਹਨਾਂ ਨੇ ਆਵਾਜ਼ ਵਿੱਚ ਅਦਭੁਤ ਤਾਸੀਰ ਪੈਦਾ ਕਰ ਲਈ। ਸਵਰਗੀ ਅਲਾਉਦੀਨ ਖਾਂ ਸਾਹਿਬ ਅਭਿਆਸ ਦੇ ਮਾਮਲੇ ਵਿੱਚ ਬਹੁਤ ਕਠੋਰ ਸਨ। ਜਿਸ ਕਾਰਨ ਉਸਤਾਦ ਅਲੀ ਅਕਬਰ ਖਾਂ, ਪੰਡਿਤ ਰਵੀ ਸ਼ੰਕਰ, ਅੰਨਪੂਰਣਾ ਜੀ, ਨਿਖਿਲ ਬੈਨਰਜੀ ਅਤੇ ਜੌਤਿਨ ਭੱਟਾਚਾਰਯ ਆਦਿ ਜਿਹੇ ਕਲਾਕਾਰਾਂ ਦਾ ਨਿਰਮਾਣ 'ਬਾਬਾ'ਰਾਹੀਂ ਹੋਇਆ। ਅਜੋਕੇ ਸਮੇਂ ਸਮੂਹਿਕ ਰੂਪ ਵਿੱਚ ਸਿੱਖਿਆ ਦੇਣ ਕਾਰਨ ਨਾ ਤਾਂ ਅਧਿਆਪਕ ਹੀ ਠੀਕ ਤਰ੍ਹਾਂ ਨਾਲ ਅਭਿਆਸ ਕਰਵਾ ਪਾਉਂਦਾ ਹੈ ਅਤੇ ਨਾ ਹੀ ਵਿਦਿਆਰਥੀ ਸੰਗੀਤ ਦਾ ਪੂਰੀ ਤਨਦੇਹੀ ਨਾਲ ਅਭਿਆਸ ਕਰਦਾ ਹੈ। ਵਿਦਿਆਰਥੀ ਨੂੰ ਅਭਿਆਸ ਦੀ ਵਿਧੀ ਅਤੇ ਮਹੱਤਵ ਤੋਂ ਜਾਣੂ ਕਰਵਾਉਣ ਦਾ ਕਾਰਜ ਅਧਿਆਪਕ ਦਾ ਹੈ। ਕੇਵਲ ਅਭਿਆਸ ਕਰੋ ਕਹਿਣਾ ਹੀ ਕਾਫੀ ਨਹੀਂ। ਅਭਿਆਸ ਕਰਨ ਦਾ ਢੰਗ ਦਸਣਾ ਵੀ ਜ਼ਰੂਰੀ ਹੈ। ਜਿਵੇਂ ਖਾਣਾ ਪਰੋਸ ਕੇ ਦੇਣਾ ਹੀ ਕਾਫੀ ਨਹੀਂ, ਖਾਣਾ ਖਾਣ ਅਤੇ ਪਕਾਉਣ ਦੀ ਜਾਚ ਵੀ ਸਿਖਾਉਣੀ ਪੈਂਦੀ ਹੈ। ਕਲਾ ਵਿੱਚ ਨਿਖਾਰ ਪੈਦਾ ਕਰਨ ਲਈ ਸੁੰਦਰ ਅਤੇ ਨਿਰੰਤਰ ਅਭਿਆਸ ਦੀ ਲੋੜ ਹੈ। ਅਭਿਆਸ ਦੇ ਨਾਲ ਹੀ ਵਿਦਿਆਰਥੀ ਪਰੰਪਰਾਗਤ ਸੰਗੀਤ ਦੀ ਮਰਿਯਾਦਾ ਕਾਇਮ ਰੱਖ ਸਕਣ ਦੇ ਸਮਰੱਥ ਹੋਵੇਗਾ। ਪ੍ਰਾਚੀਨ ਸਮੇਂ

ਨਾਲੋਂ ਵਰਤਮਾਨ ਸਮੇਂ ਵਿੱਚ ਆਧੁਨਿਕ ਸਹੂਲਤਾਂ ਕਾਰਨ ਹੁਣ ਰਿਆਜ਼ ਕਰਨਾ ਸੁਵਿਧਾਜਨਕ ਹੋ ਗਿਆ ਹੈ, ਪਰ ਅੱਜ ਦਾ ਵਿਦਿਆਰਥੀ ਲੋੜ ਪੈਣ ਤੇ ਹੀ ਰਿਆਜ਼ ਕਰਦਾ ਹੈ। ਉਹ ਸੁਰ-ਸਾਧਨਾ ਤੇ ਜ਼ਿਆਦਾ ਬਲ ਨਾ ਦੇ ਕੇ ਜਮਾਤ ਵਿੱਚ ਕਰਵਾਈ ਗਈ ਬੰਦਿਸ਼ ਜਾਂ ਹੋਰ ਸਮੱਗਰੀ ਦਾ ਅਭਿਆਸ ਹੀ ਵਧੇਰੇ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਸੁਰ-ਗਿਆਨ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਉਸ ਵਿੱਚ ਕੁਝ ਬੁਨਿਆਦੀ ਖਾਮੀਆਂ ਰਹਿ ਜਾਂਦੀਆਂ ਹਨ। ਵਿਦਿਆਰਥੀ ਨੂੰ ਸੰਗੀਤ-ਸਿੱਖਿਆ ਵਿੱਚ ਪਰੱਪਕ ਹੋਣ ਲਈ ਅਭਿਆਸ ਕਰਨ ਦੀ ਲੋੜ ਹੈ। ਇਸ ਮਾਰਗ ਵਿੱਚ ਕੋਈ ਛੋਟੇ ਰਸਤੇ ਜਾਂ ਜੁਗਤਾਂ ਨਹੀਂ ਹਨ, ਜਿਹੜਾ ਜਿੰਨਾਂ ਅਭਿਆਸੀ ਹੋਵੇਗਾ, ਉਹ ਉਨਾਂ ਦੀ ਫਲ ਪ੍ਰਾਪਤ ਕਰੇਗਾ।

ਸੰਗੀਤ ਵਿੱਚ ਸਫਲਤਾ ਅਤੇ ਸਿੱਧੀ ਪ੍ਰਾਪਤ ਕਰਨ ਲਈ ਨਿਯਮਿਤ ਅਭਿਆਸ ਦੇ ਨਾਲ-ਨਾਲ ਸੰਗੀਤ ਅਧਿਆਪਕ ਪ੍ਰਤੀ ਸਤਿਕਾਰਯੋਗ ਦ੍ਰਿਸ਼ਟੀਕੋਣ ਅਤੇ ਸ਼ਰਧਾ ਭਾਵਨਾ ਦੀ ਲੋੜ ਹੈ।

'ਸ਼ਰਧਾਵਾਨ ਲਭਤੇ ਗਿਆਨਮ'।

ਜੇਕਰ ਵਿਦਿਆਰਥੀ ਦੇ ਅੰਦਰ ਆਪਣੇ ਅਧਿਆਪਕ ਪ੍ਰਤੀ ਸ਼ਰਧਾ ਭਾਵਨਾ ਨਹੀਂ ਹੋਵੇਗੀ ਤਾਂ ਉਹ ਕਦੇ ਵੀ ਠੀਕ ਢੰਗ ਨਾਲ ਸੰਗੀਤ ਸਿੱਖਿਆ ਪ੍ਰਾਪਤ ਨਹੀਂ ਕਰ ਸਕੇਗਾ। ਭਾਵੇਂ ਵਰਤਮਾਨ ਸਮੇਂ ਵਿੱਚ ਗੁਰੂਦੀ ਥਾਂ ਅਧਿਆਪਕ ਸ਼ਬਦ ਪ੍ਰਯੋਗ ਹੋਣ ਲੱਗ ਪਿਆ ਹੈ, ਪਰ ਵਿਦਿਆਰਥੀ ਦੀ ਆਪਣੇ ਅਧਿਆਪਕ ਪ੍ਰਤੀ ਉਤਨੀ ਹੀ ਸ਼ਰਧਾ ਹੋਣੀ ਚਾਹੀਦੀ ਹੈ ਜਿਤਨੀ ਪਹਿਲਾਂ ਸ਼ਿਸ਼ ਦੀ ਗੁਰੂਪ੍ਰਤੀ ਹੁੰਦੀ ਸੀ।

ਸੰਗੀਤ ਵਿੱਚ ਮੁਹਾਰਤ ਹਾਸਲ ਕਰਨ ਲਈ ਸੰਗੀਤ ਸੁਣਨਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਕਰਨ ਲਈ ਸ਼੍ਰਵਣ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਕੇਵਲ ਕਿਤਾਬਾਂ ਪੜ੍ਹ ਕੇ ਸੰਗੀਤ ਵਿੱਚ ਉੱਚ ਸਿੱਖਿਆ ਦੀ ਡਿਗਰੀ ਲੈਣ ਵਾਲੇ ਨੂੰ ਸੰਗੀਤ ਦਾ ਗਿਆਤਾ ਨਹੀਂ ਕਿਹਾ ਜਾ ਸਕਦਾ। ਕਿਰਿਆਤਾਮਕ ਸੰਗੀਤ ਵਿੱਚ ਵਿਦਿਆਥੀ ਦੀ ਪ੍ਰਤਿਭਾ ਦੇਖਣ ਤੋਂ ਬਾਅਦ ਹੀ ਉਸਦੀ ਸੰਗੀਤ ਪ੍ਰਤੀ ਜਾਣਕਾਰੀ ਦਾ ਪਤਾ ਲੱਗਦਾ ਹੈ।

ਸੰਗੀਤ ਸਿੱਖਦੇ ਸਮੇਂ ਜਦੋਂ ਤੱਕ ਕੰਨਾਂ ਦੀ ਸਮਰੱਥਾ ਧੁਨੀ ਦਾ ਅੰਤਰਬੋਧ ਉਸਦੇ ਉਤਰਾ-ਚੜ੍ਹਾਅ ਨੂੰ ਅਤੇ ਲੈਅ ਦੀ ਗਤੀ ਨੂੰ ਪਛਾਨਣ ਲਈ ਵਿਕਸਿਤ ਨਹੀਂ ਹੋ ਜਾਂਦਾ, ਤਦ ਤੱਕ ਗਲਤੀਆਂ ਹੁੰਦੀਆਂ ਰਹਿੰਦੀਆਂ ਹਨ। ਅਲੱਗ-ਅਲੱਗ ਸੁਰਾਂ ਦੀਆਂ ਧੁਨਾਂ ਨੂੰਸ਼੍ਰਵਣ ਕਰਨ ਅਤੇ ਪਛਾਣਨ ਦੀ ਸਮਰੱਥਾ ਵਿਦਿਆਰਥੀ ਵਿੱਚ ਹੋਣੀ ਚਾਹੀਦੀ ਹੈ। ਜੇਕਰ ਸੁਰ ਦੀ ਸਹੀ ਪਛਾਣ ਕਰਨ ਦੀ ਜਾਚ ਨਾ ਆਵੇ ਤਾਂ ਗਾਇਨ ਵਿੱਚ ਬੇਸੁਰਾਪਣ ਬਣੇ ਰਹਿਣ ਦਾ ਡਰ ਰਹਿੰਦਾ ਹੈ। ਗੁਰੂ-ਸ਼ਿਸ਼ ਪਰੰਪਰਾ ਵਿੱਚ ਗੁਰੂ, ਸ਼ਿਸ਼ ਨੂੰ ਇੱਕ ਰਾਗ ਦਾ ਅਭਿਆਸ ਸਾਲਾਂ ਬੱਧੀ ਕਰਵਾਉਂਦੇ ਹਨ। ਇਸ ਤਰ੍ਹਾਂ ਕਰਨ ਨਾਲ ਉਸ ਅੰਦਰ ਸੁਰ ਦੀ ਸਹੀ ਸਮਝ ਪੈਦਾ ਹੋ ਜਾਂਦੀ ਹੈ ਅਤੇ ਉਸ ਦੇ ਕੰਨ ਸਹੀ ਅਤੇ ਗਲਤ ਦੀ ਪਛਾਣ ਕਰਨ ਦੇ ਕਾਬਲ ਹੋ ਜਾਂਦੇ ਹਨ। ਰਹੀਮ ਜੀ ਅਨੁਸਾਰ:

'ਏਕਹਿ ਸਾਧੇ ਸਭ ਸਧੇ ਸਭ ਸਾਧੇ ਸਭ ਜਾਏ।
'ਰਹਿਮਨ' ਮੂਲਹਿ ਸੀਂਚਬੋ ਫੁਲੈ-ਫਲੈ ਅਧਾਏ ॥'

ਵਰਤਮਾਨ ਸਮੇਂ ਵਿੱਚ ਸਮੂਹਿਕ ਸਿੱਖਿਆ ਕਾਰਨ ਇਸ ਵਿਧੀ ਨਾਲ ਸਿੱਖਿਆ ਦੇਣੀ ਸੰਭਵ ਨਹੀਂ ਹੈ। ਇੱਕ ਜਮਾਤ ਦੇ ਦੋ ਜਾਂ ਤਿੰਨ ਸਮੂਹ ਬਣਾਕੇ ਸੁਰਾਂ ਦਾ ਅਭਿਆਸ ਕਰਵਾਇਆ ਜਾ ਸਕਦਾ ਹੈ। ਜਿਵੇਂ ਇੱਕ ਸਮੂਹੋ ਰੇ ਸ਼ੁੱਧ ਗਾਵੇ ਅਤੇ ਦੂਸਰਾ 'ਕੋਮਲ'। ਤੀਸਰਾ ਸਮੂਹ ਕੇਵਲ ਉਹਨਾਂ ਨੂੰ ਧਿਆਨ ਨਾਲ ਸੁਣੇ। ਇਸ ਤਰ੍ਹਾਂ ਦੇ ਅਭਿਆਸ ਨਾਲ ਉਹਨਾਂ ਸ਼ੁੱਧ, ਕੋਮਲ ਅਤੇ ਤੀਬਰ ਸੁਰਾਂ ਦੀ ਪਛਾਣ ਹੋ ਸਕੇਗੀ। ਵਿਦਿਆਰਥੀਆਂ ਦੀ ਸ਼੍ਰਵਣ ਸ਼ਕਤੀ ਵਿੱਚ ਵਾਧਾ ਹੋ ਸਕੇਗਾ। ਸੰਗੀਤ ਦੇ ਵਿੱਚ ਅਭਿਆਸ ਦੇ ਨਾਲ-ਨਾਲ ਸੁਣਨਾ ਅਤੇ ਸੁਣ ਕੇ ਉਸਨੂੰ ਗ੍ਰਹਿਣ ਕਰਨਾ ਵੀ ਇੱਕ ਪ੍ਰਕਾਰ ਦੀ ਸਿੱਖਿਆ ਹੀ ਹੈ। ਅੱਜ ਦੇ ਵਿਦਿਆਰਥੀ ਨੂੰ ਆਪਣੀ ਯਾਦ-ਸ਼ਕਤੀ ਅਤੇ ਸ਼੍ਰਵਣ ਸ਼ਕਤੀ ਵਿੱਚ ਵਾਧਾ ਕਰਨਾ ਚਾਹੀਦਾ ਹੈ। ਉਸ ਲਈ ਤਾਂ ਹੁਣ ਸੰਗੀਤ ਸੁਣਨ ਦੇ ਬਹੁਤ ਸਾਰੇ ਸਾਧਨ ਉਪਲਬਧ ਹਨ, ਜਿਨ੍ਹਾਂ ਦਾ ਭਰਪੂਰ ਪ੍ਰਯੋਗ ਕਰਕੇ ਉਸਨੂੰ ਆਪਣੀ ਸ਼੍ਰਵਣ-ਸ਼ਕਤੀ ਅਤੇ ਯਾਦ-ਸ਼ਕਤੀ ਨੂੰ ਪ੍ਰਫੁਲਿਤ ਕਰਨਾ ਲੋੜੀਂਦਾ ਹੈ।

ਵਿਦਿਆਰਥੀ ਜੇਕਰ ਸੰਗੀਤ ਜਿਹੀ ਸੂਖਮ ਕਲਾ ਦੀ ਵਿਸ਼ੇ ਵਜੋਂ ਚੋਣ ਕਰਦਾ ਵੀ ਹੈ ਤਾਂ ਉਸਨੂੰ ਆਪਣੇ ਵਿਸ਼ੇ ਪ੍ਰਤੀ ਆਸਥਾ ਹੋਣੀ ਲਾਜ਼ਮੀ ਹੈ, ਨਹੀਂ ਤਾਂ ਉਹ ਕਦੇ ਵੀ ਸੰਗੀਤ ਦੀਆਂ ਬਰੀਕੀਆਂ ਨੂੰ ਸਮਝ ਨਹੀਂ ਪਵੇਗਾ। ਜਿਹੜਾ ਵਿਦਿਆਰਥੀ ਆਪਣੀ ਇੱਛਾ ਨਾਲ ਸੰਗੀਤ ਵਿਸ਼ਾ ਚੁਣਦਾ ਹੈ, ਉਹ ਹੀ ਸੰਗੀਤ ਦੀਆਂ ਬਰੀਕੀਆਂ ਨੂੰ ਸਮਝ ਕੇ ਸੰਗੀਤ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ। ਕਈ ਵਾਰ ਵਿਦਿਆਰਥੀ ਆਸਥਾ ਤੋਂ ਇਲਾਵਾ ਕਿਸੇ ਹੋਰ ਦਬਾਅ ਹੇਠ ਸੰਗੀਤ ਵਿਸ਼ਾ ਚੁਣਦੇ ਹਨ। ਅਜਿਹੇ ਵਿਦਿਆਰਥੀ ਸੰਗੀਤ ਦੇ ਖੇਤਰ ਲਈ ਉਪਯੁਕਤ ਪਾਤਰ ਸਿੱਧ ਨਹੀਂ ਹੁੰਦੇ। ਵਿਦਿਆਰਥੀ ਨੂੰ ਸੰਗੀਤ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਸ਼ਪਸ਼ਟ ਕਰਨ ਦੀ ਲੋੜ ਹੈ। ਉਹ ਵਿਦਿਆਰਥੀ ਇਸ ਵਿਸ਼ੇ ਵਿੱਚ ਬਹੁਤੇ ਸਫਲ ਨਹੀਂ ਹੋ ਸਕਦੇ, ਜਿਹੜੇ ਸੰਗੀਤ ਤੋਂ ਇਲਾਵਾ ਆਪਣੇ ਜੀਵਨ ਵਿੱਚ ਵੰਨ-ਸੁਵੰਨੀਆਂ ਰੁਚੀਆਂ ਰੱਖਦੇ ਹਨ ਅਤੇ ਉੱਧਰ ਵੀ ਹੱਥ-ਪੈਰ ਮਾਰਦੇ ਰਹਿੰਦੇ ਹਨ। ਕੁਝ ਵਿਦਿਆਰਥੀ ਸੰਗੀਤ ਸਿੱਖਿਆ ਪ੍ਰਾਪਤ ਕਰਨ ਦੇ ਦਿਲੋਂ ਚਾਹਵਾਨ ਹੁੰਦੇ ਹਨ ਪਰ ਸਿੱਖਿਆ ਦੇ ਹੇਠਲੇ ਪੱਧਰ 'ਤੇ ਉਹਨਾਂ ਨੂੰ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਾ ਹੋਣ ਕਾਰਨ ਉੱਚ-ਸਿੱਖਿਆ ਦੇ ਪੱਧਰ 'ਤੇ ਪਹੁੰਚਕੇ ਹੀ ਉਹਨਾਂ ਨੂੰ ਸ਼ਾਸਤਰੀ ਸੰਗੀਤ ਦੀ ਗਹਿਰਾਈ ਦਾ ਪਤਾ ਲੱਗਦਾ ਹੈ, ਫਿਰ ਉਹਨਾਂ ਨੂੰ ਇਹ ਔਖਾ ਜਾਪਣ ਲੱਗਦਾ ਹੈ। ਸੰਗੀਤ ਇੱਕ ਅਨੰਦਮਈ ਵਿਸ਼ਾ ਹੋਣ ਦੇ ਬਾਵਜੂਦ ਵੀ ਉਸ ਲਈ ਚਿੰਤਾ ਦਾ ਕਾਰਨ ਬਣ ਜਾਂਦਾ ਹੈ, ਪਰ ਉਸ ਕੋਲ ਸੰਗੀਤ ਵਿਸ਼ੇ ਪ੍ਰਤੀ ਗਿਆਨ ਦੀ ਅਣਹੋਂਦ ਹੀ ਰਹਿੰਦੀ ਹੈ। ਸੰਗੀਤ ਦੇ

ਵਿਦਿਆਰਥੀ ਨੂੰ ਆਪਣੇ ਵਿਸ਼ੇ ਵਿੱਚ ਨਿਸ਼ਚਾ ਹੋਣ ਉਪਰੰਤ ਹੀ ਇਸ ਸੰਗੀਤ ਰੂਪੀ ਗਹਿਰੇ ਸਮੁੰਦਰ ਵਿੱਚੋਂ ਗਿਆਨ ਰੂਪੀ ਸਿੱਪੀਆਂ ਲੱਭ ਸਕਦੀਆਂ ਹਨ। ਇਸ ਲਈ ਉਸਨੂੰ ਕੁਝ ਪ੍ਰਾਪਤ ਕਰਨ ਲਈ ਸੰਗੀਤ ਪ੍ਰਤੀ ਰੁਚੀ, ਵਿਸ਼ਵਾਸ, ਤਸੱਲੀ ਅਤੇ ਦ੍ਰਿੜਤਾ ਰੱਖਣੀ ਲੋੜੀਂਦੀ ਹੈ।

ਵਰਤਮਾਨ ਸਮੇਂ ਵਿੱਚ ਵਿਦਿਆਰਥੀਆਂ ਅੰਦਰ ਉਪਰੋਕਤ ਗੁਣਾਂ ਦੀ ਘਾਟ ਨਜ਼ਰ ਆਉਂਦੀ ਹੈ। ਇਹਨਾਂ ਦੀ ਅਣਹੋਂਦ ਵਿੱਚ ਉਹ ਕਦੇ ਵੀ ਸਹੀ ਰੂਪ ਵਿੱਚ ਸੰਗੀਤ ਦੀ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ। ਅਧਿਆਪਕ ਅਤੇ ਵਿਦਿਆਰਥੀ ਦੋਹਾਂ ਵਲੋਂ ਉਪਰਾਲਾ ਕਰਨ ਨਾਲ ਹੀ ਇਹਨਾਂ ਦੇ ਰਿਸ਼ਤੇ ਵਿੱਚ ਗੁਰੂ-ਸ਼ਿਸ਼ ਵਾਲੀ ਸ਼ਰਧਾ ਅਤੇ ਨਿਸ਼ਠਾ ਪੈਦਾ ਹੋ ਸਕਦੀ ਹੈ ਅਤੇ ਸੰਗੀਤ ਦੇ ਵਧੀਆ ਵਿਦਿਆਰਥੀ ਬਣਕੇ ਸਮਾਜ ਵਿਚ ਸੰਗੀਤ ਰਾਹੀਂ ਯੋਗਦਾਨ ਪਾ ਸਕਣਗੇ ।

ਗੁਰਮਤਿ ਸੰਗੀਤ ਚੇਅਰ
ਪੰਜਾਬੀ ਯੂਨੀਵਰਸਿਟੀ ਪਟਿਆਲਾ
drhkgurmatsangeet@gmail.com



# ਦਿਲਰੁਬਾ

(ਰਣਜੀਤ ਸਿੰਘ)

ਦਿਲਰੁਬਾ ਗਜ਼ ਨਾਲ ਵਜਾਉਣ ਵਾਲਾ ਇੱਕ ਤੰਤੀ ਸਾਜ਼ ਹੈ ਜੋ ਬੰਗਾਲੀ ਸਾਜ਼ ਇਸਰਾਜ ਨਾਲ ਮਿਲਦਾ ਹੈ। ਇਨ੍ਹਾਂ ਦੋਵਾਂ ਸਾਜ਼ਾਂ ਵਿੱਚ ਮੁੱਖ ਅੰਤਰ ਇਹ ਹੈ ਕਿ ਦਿਲਰੁਬਾ ਦਾ ਆਕਾਰ ਇਸਰਾਜ ਤੋਂ ਕੁੱਝ ਵੱਡਾ ਹੁੰਦਾ ਹੈ। ਅਸਲ ਵਿੱਚ ਇਸਰਾਜ ਬੰਗਾਲ ਵਿੱਚ ਅਤੇ ਦਿਲਰੁਬਾ ਮੁੰਬਈ, ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਵਜਾਇਆ ਜਾਂਦਾ ਹੈ।ਤਾਊਸ ਵੀ ਇਨ੍ਹਾਂ ਸਾਜਾਂ ਨਾਲ ਮਿਲਦਾ ਜੁਲਦਾ ਮੋਰ ਦੀ ਸ਼ਕਲ ਦਾ ਸਾਜ ਹੈ।

**<u>ਇਤਿਹਾਸਕ ਪਿਛੋਕੜ</u>**: ਦਿਲਰੁਬਾ, ਇਸਰਾਜ ਅਤੇ ਤਾਊਸ ਇਹਨਾਂ ਤਿੰਨਾਂ ਸਾਜਾਂ ਦਾ ਨਾਮ ਪ੍ਰਾਚੀਨ ਗ੍ਰੰਥਾਂ ਵਿੱਚ ਪ੍ਰਾਪਤ ਨਹੀਂ ਹੁੰਦਾ। ਇਨ੍ਹਾਂ ਸਾਜ਼ਾਂ ਦਾ ਜਨਮ ਮੱਧ ਕਾਲ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਦੇ ਅਵਿਸ਼ਕਾਰ ਦੇ ਸਬੰਧ ਵਿੱਚ ਕਿਹਾ ਜਾਂਦਾ ਹੈ ਕਿ ਮੁਗਲ ਕਾਲ ਵਿੱਚ ਦਿਲਰੁਬਾ ਦਾ ਅਵਿਸ਼ਕਾਰ ਹੋਇਆ। ਮੁਗਲ ਦਰਬਾਰਾਂ ਵਿੱਚ 'ਹਰਮ' ਵਿਸ਼ੇਸ਼ ਸਥਾਨ ਰੱਖਦਾ ਸੀ। ਇਨ੍ਹਾਂ ਹਰਮਾਂ ਵਿੱਚ ਗਾਇਨ, ਵਾਦਨ ਅਤੇ ਨ੍ਰਿਤ ਆਯੋਜਿਤ ਕੀਤਾ ਜਾਂਦਾ ਸੀ। ਗਾਇਨ ਆਦਿ ਦੀ ਸੰਗਤ ਲਈ ਸਾਰੰਗੀ ਵਾਦਕਾਂ ਦੀ ਜਰੂਰਤ ਹੁੰਦੀ ਸੀ। ਪ੍ਰੰਤੂ ਕਿਸੇ ਵੀ ਪੁਰਸ਼ ਦਾ ਪ੍ਰਵੇਸ਼ ਹਰਮ ਵਿੱਚ ਬਿਲਕੁਲ ਵਰਜਿਤ ਸੀ ਅਤੇ ਸਾਰੰਗੀ ਵਾਦਕ ਜ਼ਿਆਦਾਤਰ ਪੁਰਸ਼ ਹੀ ਹੁੰਦੇ ਸਨ। ਇਸ ਲਈ ਇਹ ਸੋਚਿਆ ਗਿਆ ਕਿ ਇੱਥੇ ਇਸਤਰੀਆਂ ਨੂੰ ਸਰੰਗੀ ਵਾਦਨ ਦੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਪਰ ਸਾਰੰਗੀ ਇੱਕ ਤਾਂ ਬਿਨਾਂ ਪਰਦੇ ਦਾ ਸਾਜ਼ ਹੋਣ ਕਾਰਨ ਬੜਾ ਕਠਿਨ ਸੀ ਅਤੇ ਦੂਜਾ ਉਸਦੇ ਵਾਦਨ ਨਾਲ ਹੱਥਾਂ ਦੇ ਨਹੁੰਆਂ ਦੀ ਸੁੰਦਰਤਾ ਵੀ ਨਸ਼ਟ ਹੋ ਜਾਂਦੀ ਸੀ। ਇਸ ਲਈ ਇਹ ਸੰਭਵ ਨਹੀਂ ਸੀ ਕਿ ਹਰਮ ਵਿੱਚ ਰਹਿਣ ਵਾਲੀਆਂ ਇਸਤਰੀਆਂ ਸਰੰਗੀ ਵਜਾਉਣ। ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਇੱਕ ਨਵੇ ਸਾਜ਼ ਦੀ ਰਚਨਾ ਹੋਈ। ਇਸ ਸਾਜ਼ ਵਿੱਚ ਸਾਰੰਗੀ ਦੇ ਉਪਰੀ ਭਾਗ ਨੂੰ ਲੰਬਾ ਕਰਕੇ ਉਸ ਤੇ ਸਿਤਾਰ ਦੀ ਤਰ੍ਹਾਂ ਪਰਦੇ ਬੰਨ ਦਿੱਤੇ ਗਏ। ਜਿਸ ਨਾਲ ਵਜਾਉਣਾ ਕੁੱਝ ਸਰਲ ਹੋ ਗਿਆ। ਇਸ ਤਰ੍ਹਾਂ ਬਾਅਦ ਵਿੱਚ ਦਿਲਰੁਬਾ ਸੁਤੰਤਰ ਵਾਦਨ ਦੇ ਰੂਪ ਵਿੱਚ ਪ੍ਰਚੱਲਿਤ ਹੋ ਗਿਆ। ਮੁਗਲ ਕਾਲ ਦੇ ਅੰਤਲੇ ਸਮੇਂ ਭਾਵ ਗੁਰੂਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਦਿਲਰੁਬਾ ਦੇ ਤੂੰਬੇ ਦੀ ਸ਼ਕਲ ਮੋਰ ਵਾਂਗ ਬਣਾ ਕੇ ਅਤੇ ਡਾਂਡ ਦੇ ਪਿੱਛੇ ਮੋਰ-ਪੰਖ ਲਗਾ ਕੇ ਇਸ ਦੀ ਬਣਤਰ ਕੀਤੀ ਗਈ ਅਤੇ ਇਸ ਨੂੰ ਤਾਊਸ ਦਾ ਨਾਮ ਦਿੱਤਾ ਗਿਆ ਜੋ ਵੇਖਣ ਵਿੱਚ ਮੋਰ ਦੀ ਸ਼ਕਲ ਦਾ ਜਾਪਦਾ ਹੈ ਪ੍ਰੰਤੂ ਇਸ ਦਾ ਵਾਦਨ ਦਿਲਰੁਬਾ ਜਾਂ ਇਸਰਾਜ ਦੀ ਤਰ੍ਹਾਂ ਹੀ ਕੀਤਾ ਜਾਂਦਾ

ਹੈ ਅਤੇ ਇਸਦੀ ਅਵਾਜ ਇਨ੍ਹਾਂ ਸਾਜ਼ਾਂ ਨਾਲੋਂ ਵਧੇਰੇ ਗੰਭੀਰ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਊਸ ਦਾ ਪ੍ਰਯੋਗ ਖੁਦ ਸ਼ਬਦ ਕੀਰਤਨ ਨਾਲ ਵੀ ਕੀਤਾ ਹੈ।

ਅਸਲ ਵਿੱਚ ਦਿਲਰੁਬਾ ਇਸਰਾਜ ਸਾਜ਼ ਦੇ ਕੁੱਝ ਸਾਲ ਬਾਅਦ ਨਿਰਮਿਤ ਹੋਇਆ। ਵੈਸੇ ਇਸਰਾਜ ਅਤੇ ਦਿਲਰੁਬਾ ਦੇ ਰੂਪ, ਅਕਾਰ ਅਤੇ ਵਾਦਨ ਵਿੱਚ ਇੰਨਾਂ ਘੱਟ ਅੰਤਰ ਹੈ ਕਿ ਇਨ੍ਹਾਂ ਦੋਹਾਂ ਸਾਜ਼ਾਂ ਦਾ ਵਾਦਨ ਕਿਸੇ ਇੱਕ ਸਾਜ਼ ਦਾ ਅਭਿਆਸ ਕਰ ਲੈਣ ਨਾਲ ਹੀ ਕੀਤਾ ਜਾ ਸਕਦਾ ਹੈ। ਅੰਤਰ ਕੇਵਲ ਇੰਨਾਂ ਹੈ ਕਿ ਇਸਰਾਜ ਦੀ ਡਾਂਡ ਲੰਬੀ ਹੁੰਦੀ ਹੈ ਜਦ ਕਿ ਦਿਲਰੁਬਾ ਦੀ ਉਸ ਤੋਂ ਕੁੱਝ ਛੋਟੀ ਹੁੰਦੀ ਹੈ ਅਤੇ ਦਿਲਰੁਬਾ ਵਿੱਚ ਤਰਬ ਦੇ ਤਾਰ ਇਸਰਾਜ ਤੋਂ ਜ਼ਿਆਦਾ ਹੁੰਦੇ ਹਨ।

ਇਸ ਸਾਜ਼ ਦਾ ਪ੍ਰਚਾਰ ਲਗਭਗ ਪਿਛਲੇ ਢਾਈ ਸੋ ਸਾਲ ਰਿਹਾ ਹੈ ਪਰ ਅੰਗਰੇਜੀ ਰਾਜ ਦੀ ਸਥਾਪਨਾ ਤੋਂ ਬਾਅਦ ਗਜ਼ ਨਾਲ ਵਜਾਇਆ ਜਾਣ ਵਾਲਾ ਵਿਦੇਸ਼ੀ ਸਾਜ਼ ਵਾਇਲਨ ਜ਼ਿਆਦਾ ਪ੍ਰਚੱਲਿਤ ਹੋਣ ਲੱਗਾ। ਜਦ ਕਿ ਵਇਲਨ ਦਾ ਵਾਦਨ ਕੁੱਝ ਮੁਸ਼ਕਿਲ ਹੈ ਪਰ ਅਕਾਰ ਵਿੱਚ ਕੁੱਝ ਛੋਟਾ ਹੋਣ ਕਾਰਨ ਅਤੇ ਕਿਧਰੇ ਲੈ ਕੇ ਜਾਣ ਲਈ ਸੁੰਦਰ ਅਤੇ ਲੈ ਕੇ ਜਾਣ ਲਈ ਸੌਖ ਹੋਣ ਕਾਰਨ ਇਸ ਦਾ ਪ੍ਰਚਾਰ ਵਧਣ ਲੱਗਾ ਅਤੇ ਦਿਲਰੁਬਾ/ਇਸਰਾਜ ਦਾ ਪ੍ਰਚਲਣ ਘਟ ਗਿਆ। ਇਹ ਵੀ ਬਦਕਿਸਮਤੀ ਦੀ ਗੱਲ ਹੈ ਕਿ ਇਨ੍ਹਾਂ ਸਾਜ਼ਾਂ ਨੂੰ ਸਿਤਾਰ ਜਾਂ ਸਰੋਦ  ਆਦਿ ਸਾਜ਼ਾਂ ਵਾਂਗ ਘਰਾਣੇਦਾਰ ਲੋਕਾਂ ਨੇ ਨਹੀਂ ਅਪਣਾਇਆ। ਕਿਉਂਕਿ ਇਨ੍ਹਾਂ ਸਾਜ਼ਾਂ ਦੇ ਪ੍ਰਚਾਰ ਲਈ ਕੁੱਝ ਵਿਸ਼ੇਸ਼ ਯਤਨ ਨਹੀਂ ਕੀਤੇ ਗਏ। ਪਰ ਫਿਰ ਵੀ ਅੱਜ-ਕੱਲ ਪੰਜਾਬ ਵਿੱਚ ਇਸ ਦੇ ਸੁਤੰਤਰ ਵਾਦਨ ਅਤੇ ਸ਼ਬਦ ਕੀਤਰਨ (ਗੁਰਮਤਿ ਸੰਗੀਤ) ਦੀ ਸੰਗਤ ਲਈ ਇਸ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

**<u>ਬਨਾਵਟ</u>**: ਦਿਲਰੁਬਾ ਦਾ ਉਪਰੀ ਹਿੱਸਾ ਸਿਤਾਰ ਵਾਂਗ ਅਤੇ ਹੇਠਲਾ ਭਾਗ ਸਾਰੰਗੀ ਵਾਂਗ ਹੁੰਦਾ ਹੈ, ਜਿਸ ਉੱਪਰ ਚਮੜਾ ਮੜਿਆ ਹੁੰਦਾ ਹੈ। ਇਸ ਉੱਤੇ ਘੜਚ (ਜਵਾਰੀ) ਨੂੰ ਰੱਖਿਆ ਜਾਂਦਾ ਹੈ। ਘੜੱਚ ਤੋਂ ਹੋ ਕੇ ਚਾਰ ਤਾਰ ਖੁੰਟੀਆਂ ਨਾਲ ਬੰਨੇ ਜਾਂਦੇ ਹਨ। ਦਿਲਰੁਬਾ ਦੀਆਂ ਚਾਰ ਤਾਰਾਂ ਵਿੱਚੋਂ ਪਹਿਲਾ ਅਤੇ ਚੌਥਾ ਤਾਰ ਸਟੀਲ ਦਾ ਅਤੇ ਦੂਜਾ ਤੇ ਤੀਜਾ ਤਾਰ ਤਾਂਬੇ ਦਾ ਹੁੰਦਾ ਹੈ। ਪਹਿਲਾ ਬਾਜ ਦਾ ਤਾਰ ਮੰਦਰ ਮਧਿਅਮ  (ਮ਼) ਤੇ ਮਿਲਾਇਆ ਜਾਂਦਾ ਹੈ ਅਤੇ ਬਾਕੀ ਤਿਨ ਤਾਰ ਮੰਦਰ ਸ਼ੜਜ (ਸ਼), ਮੰਦਰ ਪੰਚਮ (ਪ਼) ਅਤੇ ਮੱਧ ਪੰਚਮ (ਪ) ਤੇ ਮਿਲਾਏ ਜਾਂਦੇ ਹਨ। ਤਾਰ ਇਕ ਪਾਸੇ ਕਿੱਲ ਜਾਂ ਲੰਗੋਟ ਨਾਲ ਬੰਨੇ ਜਾਂਦੇ ਹਨ। ਦਿਲਰੁਬਾ ਦੀ ਡਾਂਡ ਲੱਕੜ ਦੀ ਹੁੰਦੀ ਹੈ ਅਤੇ ਇਸਦੀ ਂਬਾਈ ਫੁੱਟ 8 ਇੰਚ(1'- 8") ਹੁੰਦੀ ਹੈ ਜਿਸ ਉੱਤੇ ਸਿਤਾਰ ਵਾਂਗ ਪਰਦੇ ਹੁੰਦੇ ਹਨ। ਇਸਦਾ ਵਾਦਨ ਮੁੱਖ ਤੌਰ ਤੇ ਪਰਦੇ 'ਤੇ ਤਾਰ ਨੂੰ ਦਬਾ ਕੇ ਕੀਤਾ ਜਾਂਦਾ ਹੈ। ਪਰਦਿਆਂ ਦੀ ਸੰਖਿਆ 19/20 ਹੁੰਦੀ ਹੈ। ਇਨ੍ਹਾਂ ਪਰਦਿਆਂ ਨੂੰ ਲੋੜ ਅਨੁਸਾਰ ਖਿਸਕਾਇਆ ਵੀ ਜਾਂਦਾ ਹੈ। ਘੜੱਚ ਦੇ ਹੇਠਾਂ 15 ਤੋਂ 17 ਤੱਕ ਤਰਬ ਦੇ ਤਾਰ ਹੁੰਦੇ ਹਨ ਜਿਨ੍ਹਾਂ ਨੂੰ ਰਾਗ ਦੇ ਅਨੁਸਾਰ ਮਿਲਾਇਆ ਜਾਂਦਾ ਹੈ। ਇਨ੍ਹਾਂ ਤਰਬਾਂ ਦੀਆਂ ਖੁੰਟੀਆਂ

ਡਾਂਡ ਦੇ ਸੱਜੇ ਪਾਸੇ ਇੱਕ ਵਿਸ਼ੇਸ਼ ਪੱਟੀ ਤੇ ਲੱਗੀਆਂ ਹੁੰਦੀਆਂ ਹਨ।

ਦਿਲਰੁਬਾ ਨੂੰ ਸਾਰੰਗੀ ਵਾਂਗ ਖੱਬੇ ਮੋਢੇ ਦੇ ਸਹਾਰੇ ਖੜਾ ਕਰਕੇ ਗਜ਼ ਨਾਲ ਵਜਾਇਆ ਜਾਂਦਾ ਹੈ। ਗਜ਼ ਸਰੰਗੀ ਜਾਂ ਇਸਰਾਜ ਦੇ ਗਜ਼ ਵਾਂਗ ਧਨੁਸ਼ ਦੀ ਸ਼ਕਲ ਦਾ ਹੁੰਦਾ ਹੈ। ਪਹਿਲਾਂ ਇਸ ਤੇ ਘੋੜੇ ਦੀ ਪੂੰਛ ਦੇ ਵਾਲ ਧਨੁਸ਼ ਦੀ ਡੋਰੀ ਵਾਂਗ ਬੰਨੇ ਜਾਂਦੇ ਸਨ ਪ੍ਰੰਤੂ ਅਧੁਨਿਕ ਸਮੇਂ ਵਿੱਚ ਜਿਆਦਾਤਰ ਨਾਇਲਨ ਦੀ ਤੰਦੀ ਬੰਨੀ ਜਾਂਦੀ ਹੈ ਅਤੇ ਇਸ ਤੇ ਬਰੋਜਾਂ ਲਗਾ ਕੇ ਇਸ ਸਾਜ਼ ਨੂੰ ਵਜਾਇਆ ਜਾਂਦਾ ਹੈ।

**<u>ਪਰਦੇ</u> :** ਦਿਲਰੁਬਾ ਵਿੱਚ ਪਰਦਿਆਂ ਦੀ ਸੰਖਿਆ ਸਿਤਾਰ ਵਾਂਗ ਘੱਟ ਤੋਂ ਘੱਟ 16 ਅਤੇ ਵੱਧ ਤੋਂ ਵੱਧ 19 ਹੁੰਦੀ ਹੈ। ਰਾਗਾਂ ਅਨੁਸਾਰ ਥਾਟ ਰਚਨਾ ਕਰਨ ਲਈ ਪਰਦਿਆਂ ਨੂੰ ਖਿਸਕਾਇਆ ਜਾਂਦਾ ਹੈ। ਦਿਲਰੁਬਾ ਤੇ ਬੰਨੇ ਪਰਦਿਆਂ ਤੇ ਹੇਠ ਲਿਖੇ ਸਵਰ ਪ੍ਰਾਪਤ ਹੁੰਦੇ ਹਨ: –

।                                        ।

ਮ਼, ਪ਼, ਧੁ਼, ਧ਼, ਨੁ਼ੀ, ਨ਼ੀ, ਸ, ਰੇ, ਗੁ, ਗ, ਮ, ਮ, ਪ, ਧ, ਨੁੀ, ਨੀ, ਸਂ, ਰੇਂ,ਗਂ

## <u>ਦਿਲਰੁਬਾ ਦੇ ਤਾਰਾਂ ਨੂੰ ਮਿਲਾਉਣਾ</u>:

ਦਿਲਰੁਬਾ ਦੇ ਮੁੱਖ ਚਾਰ ਤਾਰ ਹੁੰਦੇ ਹਨ ਜਿਨ੍ਹਾਂ ਨੂੰ ਗਜ਼ ਦੀ ਰਗੜ ਨਾਲ ਵਜਾਇਆ ਜਾਂਦਾ ਹੈ। ਪਹਿਲਾ ਤਾਰ ਬਾਜ ਦਾ ਤਾਰ ਹੁੰਦਾ ਹੈ ਜਿਸਨੂੰ ਮੰਦਰ ਮਧਿਅਮ (ਮ਼) ਸਵਰ ਤੇ ਮਿਲਾਇਆ ਜਾਂਦਾ ਹੈ। ਦੂਜਾ ਤਾਰ ਮੰਦਰ ਸ਼ੜਜ (ਸ਼) ਤੇ, ਤੀਜਾ ਤਾਰ ਮੰਦਰ ਪੰਚਮ (ਪ਼) ਤੇ ਅਤੇ ਚੌਥਾ ਤਾਰ ਮੱਧ ਪੰਚਮ (ਪ) ਸਵਰਾਂ ਤੇ ਮਿਲਾਏ ਜਾਂਦੇ ਹਨ। ਤਰਬ ਦੀਆਂ ਤਾਰਾਂ ਨੂੰ ਮੰਦਰ ਸਪਤਕ ਦੇ ਪੰਚਮ (ਪ਼) ਤੋਂ ਅਰੰਭ ਕਰਕੇ ਰਾਗ ਦੇ ਸਵਰਾਂ ਅਨੁਸਾਰ ਸ਼ੁੱਧ, ਕੋਮਲ ਜਾਂ ਤੀਵਰ ਸਵਰਾਂ ਤੇ ਮਿਲਾਇਆ ਜਾਂਦਾ ਹੈ।

**<u>ਦਿਲਰੁਬਾ ਵਾਦਨ ਦੇ ਕੁੱਝ ਪ੍ਰਸਿੱਧ ਕਲਾਕਾਰ</u>:** ਦਿਲਰੁਬਾ ਦੇ ਸੁਤੰਤਰ ਵਾਦਨ (SOLO) ਦੇ ਖੇਤਰ ਵਿੱਚ ਸਵ. ਮਹੰਤ ਗੱਜਾ ਸਿੰਘ, ਗੁਰੂਸਰ ਮਹਾਰਾਜ ਬਾਲੀਆ ਅਤੇ ਕਲਕੱਤਾ ਨਿਵਾਸੀ ਸਵ. ਸ਼ੀਤਲ ਪ੍ਰਸ਼ਾਦ ਮੁਖਰਜੀ ਦਾ ਨਾਂ ਬਹੁਤ ਪ੍ਰਸਿੱਧ ਹੈ। ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਅਤੇ ਪਟਿਆਲਾ ਦਰਬਾਰ ਦੇ ਮਹਾਨ ਕਲਾਕਾਰ ਭਾਈ ਹਰਨਾਮ ਸਿੰਘ ਦਾ ਨਾਮ ਮੁੱਖ ਹੈ। ਭਾਈ ਹਰਨਾਮ ਸਿੰਘ ਜੀ ਦੇ ਆਪਣੇ ਸ਼ਬਦਾਂ ਵਿੱਚ "ਮਹੰਤ ਜੀ ਨੇ ਉਦੋਂ ਤੱਕ ਮੈਨੂੰ ਰਾਗ ਦੀ ਤਾਲੀਮ ਨਹੀਂ ਦਿੱਤੀ ਜਦੋਂ ਤੱਕ ਮੇਰੇ ਕੋਲੋਂ ਗਜ਼ ਦੇ ਇੱਕ ਅਵਰਤਨ ਵਿੱਚ 128 ਸੁਰ ਸਪਸ਼ਟ ਨਹੀਂ ਨਿਕਲੇ।" ਇਸ ਗੱਲ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਪਰਦਿਆਂ ਤੇ ਚੱਲਣ ਵਾਲੇ (ਖੱਬੇ) ਹੱਥ ਵਿੱਚ ਬਿਜਲੀ ਦੇ ਸਮਾਨ ਤੇਜ਼ੀ ਅਤੇ ਗਜ਼ ਵਾਲੇ (ਸੱਜੇ) ਹੱਥ ਵਿੱਚ ਧਰੁਵ ਤਾਰੇ ਦੀ ਤਰ੍ਹਾਂ ਟਿਕਾਓ ਹੋਵੇਗਾ। ਕਿਉਂਕਿ ਅਣਥੱਕ ਮਿਹਨਤ ਦੇ ਨਾਲ ਹੀ ਇਸ ਸਾਜ਼ ਤੇ ਪੂਰਨ ਅਧਿਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ।

ਦਿਲਰੁਬਾ ਵਾਦਨ ਦੇ ਖੇਤਰ ਵਿੱਚ ਕੁੱਝ ਹੀ ਲੋਕ ਹਨ ਜੋ ਪ੍ਰਸਿੱਧ ਕਲਾਕਾਰ ਦੇ ਰੂਪ ਵਿੱਚ

ਅੱਗੇ ਆਏ। ਦਿਲਰੁਬਾ ਪੰਜਾਬ ਦਾ ਪ੍ਰਸਿੱਧ ਸਾਜ ਹੈ। ਗੁਰੂ ਰਾਮ ਸਿੰਘ ਜੀ ਸਪੁੱਤਰ ਗੁਰੂ ਪ੍ਰਤਾਪ ਸਿੰਘ ਜੀ ਦਿਲਰੁਬਾ ਅਤੇ ਤਾਊਸ ਵਜਾਉਣ ਵਿੱਚ ਸਿੱਧ ਹਸਥ (ਸ਼ਕਗਕਿਫਵ) ਸਨ। ਦਿਲਰੁਬਾ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵੀ ਪ੍ਰਯੋਗ ਹੋਣ ਵਾਲਾ ਇੱਕ ਪ੍ਰਸਿੱਧ ਸਾਜ਼ ਹੈ। ਆਧੁਨਿਕ ਕਾਲ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਬਹੁਤ ਪ੍ਰਸਿੱਧ ਦਿਲਰੁਬਾ ਵਾਦਕ ਰਹੇ ਹਨ ਅਤੇ ਇਸਦੇ ਨਾਲ ਹੀ ਕੀਰਤਨ ਵੀ ਕਰਦੇ ਸਨ। ਕੁੱਝ ਪੁਰਾਤਨ ਰਾਗੀ ਸਿੰਘ ਵੀ ਇਸ ਸਾਜ਼ ਨਾਲ ਕੀਰਤਨ ਕਰਦੇ ਰਹੇ ਹਨ ਜਿਨ੍ਹਾਂ ਵਿਚੋਂ ਰਾਗੀ ਪ੍ਰੋ. ਚਤਰ ਸਿੰਘ ਜੀ ਦਾ ਨਾਂ ਉਲੇਖਨੀਏ ਹੈ। ਰਾਗੀ ਪ੍ਰੋ. ਚਤਰ ਸਿੰਘ ਜੀ ਲਗਭਗ ਚਾਲੀ ਸਾਲ ਦਿਲਰੁਬਾ ਦਾ ਵਾਦਨ ਆਪਣੇ ਕੀਰਤਨ ਗਾਇਨ ਨਾਲ ਖੁਦ ਹੀ ਕਰਦੇ ਰਹੇ। ਇਨ੍ਹਾਂ ਨੇ ਕਈ ਵਾਰ ਦਰਬਾਰ ਸਾਹਿਬ ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਹੋਰ ਤੰਤੀ ਸਾਜ਼ਾਂ ਦੇ ਨਾਲ-ਨਾਲ ਦਿਲਰੁਬਾ ਨਾਲ ਵੀ ਸ਼ਬਦ ਕੀਰਤਨ ਕੀਤਾ ਅਤੇ ਗੁਰਮਤਿ ਸੰਗੀਤ ਦੇ ਇਸ ਪ੍ਰੰਪਰਾਗਤ ਸਾਜ਼ ਦੇ ਪ੍ਰਚਾਰ ਦਾ ਯਤਨ ਜਾਰੀ ਰੱਖਿਆ। ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ ਗਾਇਕੀ ਦੀ ਸੰਗਤ ਕਰਨ ਵਿੱਚ ਮਾਹਿਰ ਸਨ। ਉਨ੍ਹਾਂ ਨੇ ਆਪਣੇ ਸਮੇਂ ਦੇ ਲਗਭਗ ਸਾਰੇ ਪ੍ਰਸਿੱਧ ਕਲਾਕਾਰਾਂ ਨਾਂਲ ਸੰਗਤ ਕੀਤੀ ਸੀ ਜਿਸ ਵਿੱਚ ਕਲਕੱਤੇ ਦੀ ਗੋਹਰਜਾਨ ਦਾ ਨਾਮ ਮੁੱਖ ਹੈ। ਭਾਈ ਹਰਨਾਮ ਸਿੰਘ ਦਿਲਰੁਬਾ 'ਤੇ ਵੀਣਾ ਦੇ ਝਾਲੇ ਨੂੰ ਚੰਗੀ ਤਰ੍ਹਾਂ ਤਿਆਰੀ ਨਾਲ ਵਜਾਉਂਦੇ ਸਨਜੋ ਕਿ ਆਪ ਦੀ ਇੱਕ ਖ਼ਾਸ ਵਿਸ਼ੇਸ਼ਤਾ ਸੀ। ਪੰਡਿਤ ਡੀ.ਵੀ. ਪਲੁਸਕਰ, ਭਾਈ ਹਰਨਾਮ ਸਿੰਘ ਦਾ ਦਿਲਰੁਬਾ ਵਾਦਨ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਅਤੇ ਖੁਲੇ ਦਿਲ ਨਾਲ ਇਸ ਵਾਦਨ ਸ਼ੈਲੀ ਦੀ ਪ੍ਰਸ਼ੰਸਾ ਕੀਤੀ। ਕੁੱਝ ਸਾਲ ਪਹਿਲਾਂ ਇਨ੍ਹਾਂ ਦਾ ਦਿਹਾਂਤ ਹੋ ਗਿਆ ਹੈ।

ਦਿਲਰੁਬਾ ਵਾਦਨ ਵਿੱਚ ਗਤ ਸ਼ੈਲੀ ਅਤੇ ਗਾਇਨ ਸ਼ੈਂਲੀ ਦੋਹਾਂ ਦਾ ਪ੍ਰਚਾਰ ਹੈ। ਇਹ ਗਜ਼ ਨਾਲ ਵਜਾਉਣ ਵਾਲਾ ਸਾਜ਼ ਹੋਣ ਕਾਰਨ ਗਾਇਨ ਸ਼ੈਲੀ ਲਈ ਵਧੇਰੇ ਅਨੁਕੂਲ ਹੈ। ਭਾਈ ਹਰਨਾਮ ਸਿੰਘ ਜੀ ਦੇ ਵਾਦਨ ਵਿੱਚ ਮਹੰਤ ਜੀ ਦੀ ਗਤ ਸ਼ੈਲੀ ਅਤੇ ਉਸਤਾਦ ਅਲੀ ਬਖ਼ਸ਼ ਜੀ ਦੀ ਗਾਇਨ ਸ਼ੈਲੀ ਦਾ ਮਧੁਰ ਮਿਸ਼ਰਣ ਸੀ। ਪਟਿਆਲਾ ਘਰਾਣੇ ਦੇ ਪ੍ਰਸਿੱਧ ਵਾਦਕ ਦੇ ਨਾਲ ਦਿਲਰੁਬਾ ਦੀ ਇਹ ਅਨੂਪ ਸ਼ੈਲੀ ਵੀ ਖ਼ਤਮ ਹੋ ਗਈ ਜਾਪਦੀ ਹੈ।

ਵਾਦਨ ਪ੍ਰਕਿਰਿਆ:ਦਿਲਰੁਬਾ ਨੂੰ ਸਾਰੰਗੀ ਵਾਂਗ ਖੱਬੇ ਮੋਢੇ ਨਾਲ ਖੜਾ ਕਰਕੇ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਨੂੰ ਪਰਦਿਆਂ ਤੇ ਰੱਖ ਕੇ ਸੱਜੇ ਹੱਥ ਨਾਲ ਸਾਰੰਗੀ ਵਾਂਗ ਗਜ਼ ਨਾਲ ਵਜਾਇਆ ਜਾਂਦਾ ਹੈ। ਗਜ਼, ਸਾਰੰਗੀ ਅਤੇ ਇਸਰਾਜ ਦੇ ਗਜ਼ ਵਾਂਗ ਧਨੁਸ਼ ਦੀ ਸ਼ਕਲ ਦਾ ਹੁੰਦਾ ਹੈ ਜਿਸ ਉੱਤੇ ਘੋੜੇ ਦੀ ਪੂੰਛ ਦੇ ਵਾਲ ਜਾਂ ਨਾਇਲਨ ਦੀ ਤੰਦੀ ਨੂੰ ਧਨੁਸ਼ ਦੀ ਡੋਰੀ ਵਾਂਗ ਕੱਸ ਕੇ ਬੰਨਿਆ ਜਾਂਦਾ ਹੈ ਅਤੇ ਰਗੜ ਪੈਦਾ ਕਰਨ ਲਈ ਇਸ ਤੇ ਬਰੋਜ਼ਾ ਲਗਾ ਕੇ ਵਜਾਇਆ ਜਾਂਦਾ ਹੈ।

ਵਾਦਨ ਪ੍ਰੰਪਰਾ: ਦਿਲਰੁਬਾ ਸਾਜ਼ ਤੇ ਗਤ ਸ਼ੈਲੀ ਅਤੇ ਗਾਇਨ ਸ਼ੈਲੀ ਦੋਵੇਂ ਵਜਾਏ ਜਾਂਦੇ ਹਨ। ਪ੍ਰੰਤੂਗਜ਼ ਵਾਲਾ

ਸਾਜ਼ ਹੋਣ ਕਾਰਨ ਇਹ ਗਾਇਨ ਸ਼ੈਲੀ ਲਈ ਵਧੇਰੇ ਅਨੁਕੂਲ ਹੈ। ਗੁਰਮਤਿ ਸੰਗੀਤ ਵਿੱਚ ਇਸ ਸਾਜ਼ ਦਾ ਪ੍ਰਯੋਗ ਕੀਰਤਨ ਦੀ ਸੰਗਤ ਲਈ ਕੀਤਾ ਜਾਂਦਾ ਹੈ। ਪ੍ਰੰਤੂ ਅਤਿਅੰਤ ਪ੍ਰਭਾਵਿਤ ਅਤੇ ਮਧੁਰ ਹੋਣ ਕਾਰਨ ਵੀ ਘਰਾਣੇਦਾਰ ਸੰਗੀਤਕਾਰਾਂ ਨੇ ਇਸਨੂੰ ਨਹੀਂ ਅਪਣਾਇਆ ਜਿਸ ਕਾਰਨ ਇਸ ਸਾਜ਼ ਦਾ ਪ੍ਰਚਾਰ ਕੁੱਝ ਘਟ ਗਿਆ ਹੈ।

ਪੱਛਮੀ ਪ੍ਰਭਾਵ ਦੇ ਕਾਰਣ ਭਾਰਤੀਆਂ ਨੇ ਜਿੰਨਾਂ ਧਿਆਨ ਵਾਇਲਨ ਅਤੇ ਗਿਟਾਰ ਆਦਿ ਸਾਜ਼ਾਂ ਵੱਲ ਕੀਤਾ ਹੈ ਉੱਨਾ ਧਿਆਨ ਸਾਰੰਦਾ, ਇਸਰਾਜ ਅਤੇ ਦਿਲਰੁਬਾ ਆਦਿ ਸਾਜ਼ਾਂ ਵੱਲ ਨਹੀਂ ਦਿੱਤਾ। ਵਿਸ਼ਵ ਵਿਦਿਆਲੇ ਦੀ ਪ੍ਰੀਖਿਆਵਾਂ ਵਿੱਚ ਵੀ ਵਿਦਿਆਰਥੀ ਸੰਗੀਤ ਵਾਦਨ ਦੇ ਵਿਸ਼ੇਵਜੋਂਵਧੇਰੇ ਕਰਕੇ ਸਿਤਾਰ ਨੂੰ ਹੀ ਅਪਣਾਉਂਦੇ ਹਨ ਕਿਉਂਕਿ ਪ੍ਰਚਾਰ ਦੀ ਕਮੀ ਕਾਰਨ ਇਹਨਾਂ ਸਾਜ਼ਾਂ ਦੇ ਪ੍ਰਯੋਗਿਕ ਅਧਿਆਪਕਾਂ ਦੀ ਵੀ ਕਮੀ ਹੈ। ਫਿਰ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ.ਗੁਰਨਾਮ ਸਿੰਘ ਦੀ ਤਵੱਜੋ ਅਤੇ ਉੱਧਮ ਸਦਕਾ ਦਿਲਰੁਬਾ ਵਾਦਨ ਦਾ ਰੁਝਾਨ ਜਿੱਥੇ ਗੁਰਮਤਿ ਸੰਗੀਤ ਵਿੱਚ ਵੱਧ ਰਿਹਾ ਹੈ ਉੱਥੇ ਇਸਦੇ ਸੁਤੰਤਰ ਵਾਦਨ ਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ ਜਿਸ ਨਾਲ ਹੁਣ ਵਿਦਿਆਰਥੀਆਂ ਵਿੱਚ ਵੀ ਦਿਲਰੁਬਾ ਵਾਦਨ ਪ੍ਰਤੀ ਰੁਚੀ ਪੈਦਾ ਹੋ ਰਹੀ ਹੈ।ਵਰਤਮਾਨ ਸਮੇਂ ਵਿਚ ਪ੍ਰੋਫੈਸਰ ਅਮਨਦੀਪ ਸਿੰਘ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਵਿਚ ਦਿਲਰੁਬਾ ਵਾਦਨ ਦੀ ਸਿੱਖਿਆ ਦੇ ਰਹੇ ਹਨ, ਸਰਦਾਰ ਸੰਦੀਪ ਸਿੰਘ ਜੋ ਜਲੰਧਰ ਰੇਡੀਓ ਸਟੇਸ਼ਨ ਵਿਖੇ ਦਿਲਰੁਬਾ ਵਾਦਨ ਦੇ ਕਲਾਕਾਰ ਹਨ ਅਤੇ ਭਾਈ ਰਵਿੰਦਰ ਸਿੰਘ ਜਿੰਨ੍ਹਾਂ ਨੇ ਦਿਲਰੁਬਾ ਵਾਦਨ ਦੀ ਸਿੱਖਿਆ ਦਾ ਆਰੰਭ ਰਾਗੀ ਪ੍ਰੋ ਚਤਰ ਸਿੰਘ ਗੁਰਮਤਿ ਸੰਗੀਤ ਅਕੈਡਮੀ, ਪਟਿਆਲਾ ਵਿਖੇ ਡਾ. ਜਬਰਜੰਗ ਜੀ ਤੋਂ ਕੀਤਾ ਅਤੇ ਹੁਣ ਸ੍ਰੀ ਦਰਬਾਰ ਸਾਹਿਬ, ਅ੍ਰਮਿੰਤਸਰ ਵਿਖੇ ਵੱਖ ਵੱਖ ਰਾਗੀ ਜਥਿੱਆਂ ਨਾਲ ਦਿਲਰੁਬਾ ਤੇ ਸੰਗਤ ਕਰਦੇ ਹਨ, ਦਿਲਰੁਬਾ ਵਾਦਨ ਦੇ ਉਭਰਦੇ ਕਲਾਕਾਰ ਹਨ।ਅੱਜ ਇਸਦੇ ਪ੍ਰਚਾਰ ਨੂੰ ਵੇਖਦੇ ਹੋਏ ਦਿਲਰੁਬਾ ਵਾਦਨ ਦੇ ਸੁਤੰਤਰ ਵਾਦਨ ਅਤੇ ਗਾਇਨ ਨਾਲ ਸੰਗਤ ਦੀ ਉੱਨਤੀ ਦੇ ਆਸ਼ਾ ਜਨਕ ਚਿੰਨ ਨਜ਼ਰ ਆਉਣ ਲੱਗੇ ਹਨ ਕਿਉਂਕਿ ਮਧੁਰਤਾ ਅਤੇ ਰਸ ਦੀ ਦ੍ਰਿਸ਼ਟੀ ਤੋਂ ਇਸਦੀ ਉਪਯੋਗਤਾ ਨੂੰ ਨਕਾਰਿਆ ਨਹੀਂ ਜਾ ਸਕਦਾ।

ਐਮ.ਏ. ਸੰਗੀਤ ਵਾਦਨ (ਭਾਗ-II),
ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚਿਤ ਬਾਣੀ ਤੇ ਅਧਾਰਿਤ ਕੀਰਤਨ ਦਰਬਾਰ

ਕਰਤਾਰ ਸਿੰਘ (ਪ੍ਰੋ.)

ਸ੍ਰੀ ਅਨੰਦਪੁਰ ਸਾਹਿਬ ਜੀ ਦੇ 350 ਸਾਲਾਂ ਸਥਾਪਨਾ ਦਿਵਸ ਨੂੰ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਸ਼੍ਰੀ ਅੰਮ੍ਰਿਤਸਰ ਨੇ ਇਸ ਨੂੰ ਸ਼ਤਾਬਦੀ ਸਮਾਗਮ ਦੇ ਰੂਪ ਵਿੱਚ ਵੱਡੇ ਪੱਧਰ ਤੇ ਮਨਾਇਆ ਗਿਆ। ਧਾਰਮਿਕ ਸਮਾਗਮਾਂ ਵਿੱਚ ਕੀਰਤਨ ਦਰਬਾਰ, ਕਵੀ ਦਰਬਾਰ, ਢਾਡੀ ਦਰਬਾਰ, ਕਵੀਸ਼ਰੀ ਸਮਾਗਮ, ਗੁਰਮਤਿ ਵੀਚਾਰ ਸਮਾਗਮ ਐਸੇ ਵਿਸ਼ੇਸ ਸਮਾਗਮਾਂ ਦਾ ਪ੍ਰਬੰਧ ਗੁ. ਭੋਰਾ ਸਾਹਿਬ ਵਿਖੇ ਕੀਤਾ ਗਿਆ। ਇਹਨਾਂ ਸਮਾਗਮਾ ਵਿੱਚ 17 ਜੂਨ ਰਾਤ ਤੋਂ 18 ਜੂਨ ਅੰਮ੍ਰਿਤ ਵੇਲੇ ਤੱਕ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 15 ਰਾਗਾਂ ਤੇ ਅਧਾਰਿਤ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਦੇ ਸੰਚਾਲਕ ਦੀ ਸੇਵਾ ਮੇਰੇ ਜ਼ੁਮੇ ਲਾਈ ਗਈ। ਇਸ ਸਮਾਗਮ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਰਾਗੀ ਜੱਥਿਆਂ ਨੇ ਨਿਰਧਾਰਤ ਰਾਗਾਂ ਅਨੁਸਾਰ ਸ਼ਬਦ ਕੀਰਤਨ ਦੀਆਂ ਹਾਜ਼ਰੀਆਂ ਲੁਆਈਆਂ। ਭਾਈ ਰਵਿੰਦਰ ਸਿੰਘ ਹਜੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਨੇ ਰਾਗੁ ਸਾਰਗ ਤੀਨਤਾਲ ਵਿੱਚ 'ਮਨ ਕਰਿ ਕਬਹੂ ਨ ਹਰਿ ਗੁਨ ਗਾਇਓ' ਦਾ ਗਾਇਨ ਕੀਤਾ। ਭਾਈ ਇੰਦਰਜੀਤ ਸਿੰਘ ਹਜੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਨੇ ਰਾਗੁ ਧਨਾਸਰੀ 'ਕਾਹੇ ਰੇ ਬਨ ਖੋਜਨ ਜਾਈ' 'ਸ਼ਬਦ ਦਾ ਗਾਇਨ ਤੀਨਤਾਲ ਵਿੱਚ ਤੇ ਰਾਗੁ ਜੈਜਾਵੰਤੀ 'ਰੇ ਮਨ ਕਉਨ ਗਤਿ ਹੋਇ ਹੈ ਤੇਰੀ' ਸ਼ਬਦ ਦਾ ਗਾਇਨ ਝੱਪਤਾਲ ਵਿੱਚ ਕੀਤਾ । ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੇ ਰਾਗੁ ਮਾਰੂ 'ਹਰਿ ਕੋ ਨਾਮੁ ਸਦਾ ਸੁਖਦਾਈ' ਸ਼ਬਦ ਸਾਢੇ ਅੱਠ ਮਾਤਰਾਂ ਰੂਪ ਤਾਲ ਵਿੱਚ ਗਾਇਨ ਕੀਤਾ। ਭਾਈ ਹਰਜੋਤ ਸਿੰਘ ਜਖਮੀ ਜਲੰਧਰ ਰਾਗੁ ਤਿਲੰਗ ਕਾਫੀ 'ਹਰਿ ਜਸੁ ਰੇ ਮਨਾ ਗਾਇ ਲੈ' ਧੁਮਾਰ ਤਾਲ ਵਿੱਚ ਤੇ ਰਾਗ ਗਉੜੀ 'ਸਾਧੋ ਮਨ ਕਾ ਮਾਨੁ ਤਿਆਗਉ' ਦਾ ਝੱਪਤਾਲ ਵਿੱਚ ਗਾਇਨ ਕੀਤਾ। ਭਾਈ ਜਸਪਿੰਦਰ ਸਿੰਘ ਹਜੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਨੇ ਰਾਗੁ ਜੈਤਸਰੀ 'ਹਰਿ ਜੂ ਰਾਖਿ ਲੇਹੁ ਪਤਿ ਮੇਰੀ' ਪੜਤਾਲ ਰੂਪ ਵਿੱਚ ਸਾਢੇ ਨੌ ਮਾਤਰਾਂ (ਕਲਾਵਤੀ ਤਾਲ) ਫਰੋਦਸਤ ਤਾਲ ਤੇ ਤੀਨਤਾਲ ਵਿੱਚ ਗਾਇਨ ਕੀਤਾ । ਭਾਈ ਗੁਰਮੀਤ ਸਿੰਘ ਸ਼ਾਤ ਨੇ ਰਾਗੁ ਬਸੰਤ ਹਿੰਡੋਲ 'ਮਾਈ ਮੈ ਧਨੁ ਪਾਇਓ ਹਰਿ ਨਾਮੁ' ਪੰਜਾਬੀ ਠੇਕਾ ਤਾਲ ਤੇ ਰਾਗੁ ਸੋਰਠਿ 'ਮਾਈ ਮਨੁ ਮੇਰੋ ਬਸਿ ਨਾਹਿ' ਤੀਨਤਾਲ ਵਿੱਚ

ਗਾਇਨ ਕੀਤਾ। ਭਾਈ ਹਰਪਿੰਦਰ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਨੇ ਰਾਗੁ ਬਿਹਾਗੜਾ 'ਹਰਿ ਕੀ ਗਤਿ ਨਹਿ ਕੋਊ ਜਾਨੈ' ਪੜਤਾਲ ਰੂਪ ਵਿੱਚ ਝੱਪਤਾਲ, ਏਕਤਾਲ, ਤੀਨਤਾਲ ਤੇ ਰਾਗੁ ਆਸਾ 'ਬਿਰਥਾ ਕਹਉ ਕਉਨ ਸਿਉ ਮਨ ਕੀ' ਸੂਲ ਤਾਲ ਵਿੱਚ ਗਾਇਨ ਕੀਤਾ। ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਨੇ ਰਾਗੁ ਬਿਲਾਵਲੁ 'ਦੁਖ ਹਰਤਾ ਹਰਿ ਨਾਮੁ ਪਛਾਨੋ' ਤੀਨਤਾਲ ਤੇ ਰਾਗ ਰਾਮਕਲੀ 'ਰੇ ਮਨ ਓਟ ਲੇਹੁ ਹਰਿ ਨਾਮਾ' ਦੀਪਚੰਦੀ ਤਾਲ ਵਿੱਚ ਗਾਇਨ ਕੀਤਾ। ਡਾ. ਗੁਰਿੰਦਰ ਸਿੰਘ ਬਟਾਲਾ ਨੇ ਰਾਗੁ ਦੇਵਗੰਧਾਰੀ 'ਯਹ ਮਨੁ ਨੈਕ ਨ ਕਹਿਓ ਕਰੈ' ਝੱਪ ਤਾਲ ਤੇ ਰਾਗੁ ਟੋਡੀ 'ਕਹਉ ਕਹਾ ਅਪਨੀ ਅਧਮਾਈ' ਪੰਚਮ ਸਵਾਰੀ ਤਾਲ ਵਿੱਚ ਸ਼ਬਦਾਂ ਗਾਇਨ ਕੀਤਾ। ਇਸ ਕੀਰਤਨ ਦਰਬਾਰ ਵਿੱਚ ਵਿੱਚ ਭਾਈ ਅਰਸ਼ਪ੍ਰੀਤ ਸਿੰਘ ਪਟਿਆਲਾ ਤਾਊਸ ਵਾਦਕ, ਭਾਈ ਕੰਵਲਜੀਤ ਸਿੰਘ ਰਬਾਬ ਵਾਦਕ ਸ੍ਰੀ ਦਰਬਾਰ ਸਾਹਿਬ ਤੇ ਭਾਈ ਨਵਜਿੰਦਰ ਸਿੰਘ ਦਿਲਰੁਬਾ ਵਾਦਕ ਨੇ ਤੰਤੀ ਸਾਜਾਂ ਦੁਆਰਾ ਕੀਰਤਨ ਸੰਗਤ ਦੀਆਂ ਸੇਵਾਵਾਂ ਨਿਭਾਈਆਂ। ਗੁਰਮਤਿ ਸੰਗੀਤ ਦੇ ਪ੍ਰੇਮੀਆਂ ਨੇ ਕੀਰਤਨ ਦਾ ਰੰਗ ਮਾਣਿਆ ਤੇ ਗੁਰੂ ਸਾਹਿਬ ਜੀ ਵੱਲੋਂ ਚਲਾਈ ਪੁਰਤਾਨ ਕੀਰਤਨ ਸ਼ੈਲੀ ਸੁਣ ਅਨੰਦਤ ਹੋਏ। ਇਸ ਸਮਾਗਮ ਦਾ ਲਾਈਵ ਪ੍ਰਸਾਰਣ ਕਈ ਟੀ .ਵੀ . ਚੈਨਲਾਂ ਨੇ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਲਈ ਸੰਗਤਾਂ ਨੇ ਧੰਨਵਾਦ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਾਈਆਂ ਸ਼ਤਾਬਦੀਆਂ ਵਿੱਚ ਰਾਗ ਅਧਾਰਿਤ ਕੀਰਤਨ ਦਰਬਾਰ ਕਰਵਾਏ ਗਏ ਤੇ ਇਸ ਸ਼ਤਾਬਦੀ ਸਮੇਂ ਵੀ ਰਾਗ ਅਧਾਰਿਤ ਕੀਰਤਨ ਦਰਬਾਰ ਸਮਾਗਮ ਸਫਲਤਾ ਪੂਰਵਕ ਨੇਪਰੇ ਚੜੇ ਹਨ।

ਚੱਕ ਮਾਤਾ ਨਾਨਕੀ ਦੇ ਸਥਾਨ ਦੀ ਸਾਹਿਬ ਸ੍ਰੀ ਗੁਰੁ ਤੇਗਬਹਾਦਰ ਸਾਹਿਬ ਜੀ ਨੇ ਸਥਾਪਨਾ ਕੀਤੀ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਨੰਦਪੁਰ ਦੀ ਨਗਰੀ ਨੂੰ ਤਕਰੀਬਨ 32 ਸਾਲ ਆਪਣੇ ਚਰਨ ਛੋਹ ਨਾਲ ਪਵਿੱਤਰ ਕੀਤਾ। ਇਸ ਸਥਾਨ ਤੇ ਇਸ ਸ਼ਤਾਬਦੀ ਸਮਾਗਮਾਂ ਵਿੱਚ ਲੱਖਾ ਹੀ ਸ਼ਰਧਾਲੂ ਨਤਮਸਤਕ ਹੋ ਕੇ ਦੇਸ਼ ਬਦੇਸ਼ਾਂ ਤੋਂ ਆਪਣੀ ਆਪਣੀ ਜੀਵਨ ਯਾਤਰਾਂ ਨੂੰ ਸਫਲਾਇਆ। ਗੁਰੂ ਨੇ ਮੇਰੇ ਅੰਦਰ ਵੀ ਇਹ ਭਾਵਨਾ ਜਗਾਈ ਕਿ ਨੌਵੇਂ ਗੁਰੂ ਜੀ ਦੇ 15 ਸਨਮਾਨਿਤ ਰਾਗਾਂ ਵਿੱਚ ਉਹਨਾਂ ਦੀ ਰਚਿਤ ਬਾਣੀ ਦਾ ਨਿਰਧਾਰਿਤ ਰੂਪ ਵਿੱਚ ਕੀਰਤਨ ਸਮਾਗਮ ਵੀ ਇਹਨਾਂ ਸ਼ਤਾਬਦੀ ਸਮਾਗਮਾਂ ਵਿੱਚ ਸ਼ਾਮਲ ਹੋ ਜਾਵੇ। ਸੋ ਗੁਰੂ ਕਿਰਪਾ ਦੁਆਰਾ ਗੁਰੂ ਬਖਸ਼ਿਸ ਦੁਆਰਾ ਇਹ ਕਾਰਜ ਨਿਰਵਿਘਨ ਸਫਲਤਾ ਪੂਰਵਕ ਚੜਦੀ ਕਲਾਂ ਵਿੱਚ ਸੰਪੂਰਨ ਹੋਏ ਹਨ। ਗੁਰੂ ਜੀ ਦਾ ਕੋਟਾਨ ਕੋਟ ਸ਼ੁਕਰਾਨਾਂ ਹੈ।

ਡਾਇਰੈਕਟਰ
ਗੁਰਮਤਿ ਸੰਗੀਤ ਅਕੈਡਮੀ
ਸ੍ਰੀ ਅਨੰਦਪੁਰ ਸਾਹਿਬ
ਮੋਬਾਇਲ – 98760 63428

# ਅੜਾਨਾ-ਕਾਨੜਾ (ਪ੍ਰਿ. ਦਿਆਲ ਸਿੰਘ)

ਥਾਟ : ਆਸਾਵਾਰੀ ॥ ਸਮਾਂ - ਰਾਤ ਦਾ ਤੀਜਾ ਪਹਿਰ॥

ਜਾਤੀ : ਖਾੜਵ - ਖਾੜਵ ॥ ਵ/ਸਂ - ਸਂ/ਪ ॥

ਨ

ਆਰੋਹ : ਸਰਮਪ, ਧੁਨ ਸਂ ॥ ਅਵਰੋਹ : ਸਂ, ਧੁ, ਨੁ ਪ, ਮ ਪ ਗੁ ਮ, ਰ ਸ ॥

ਨ

ਮੁਖ ਅੰਗ : ਸ ਧੁ ਨ ਸਂ, ਰਂ ਨੁ ਸਂ ਧੁ ਨੁ ਪ, ਮ ਪ, ਮ ਗੁ ਮ - ਰ ਸ ॥

## ਤਾਲ - ਝਬ

| X | | 2 | | | 0 | | 3 | | | X | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | | | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| | | | | | ਸਂ | | ਨੁ | | | | | | | | ਮ | | | | |
| ਪ | ਰਂ | ਸਂ | – | ਰਂ | ਨੁ | ਸਂ | ਧੁ | ਨੁ | ਪ | ਪ | ਮ | ਪ | ਨੁ | ਪ | ਗੁ | ਮ | ਰ | – | ਸ |
| ਬਿ | ਸ | ਰ | s | ਗ | ਈ | s | ਸ | s | ਭ | ਤਾ | s | ਤ | s | ਪ | ਰਾ | s | ਈ | s | s |
| ਸਂ | | ਮ | | | | | ਨੁ | | | | | ਸਂ | | | ਸਂ | | ਪ | | |
| ਨ | ਸ | ਰ | ਮ | – | ਪ | – | ਧੁ | ਨੁ | ਪ | ਮ | ਪ | ਨੁ | ਸਂ | ਰਂ | ਨੁ | ਸਂ | ਨੁ | ਪ | – |
| ਜ | ਬ | ਤੇ | s | s | ਸਾ | s | ਧ | s | ਸੰ | ਗ | ਤ | ਮੋ | s | ਹਿ | ਪਾ | s | ਈ | s | s |
| **ਅੰਤਰਾ** | | | | | | | | | | | | | | | | | | | |
| ਪ | | | ਪ | | ਪ | | | | | ਸਂ | ਸਂ | | | | ਸਂ | | ਸਂ | | |
| ਮ | – | ਪ | ਨੁ | ਪ | ਸਂ | ਸ | ਸਂ | – | – | ਨੁ | ਨੁ | ਸਂ | – | ਰਂ | ਨੁ | ਸਂ | ਧੁਨੁ | ਪ | – |
| ਨਾ | s | ਕੋ | s | s | ਬੈ | s | ਰੀ | s | s | ਨ | s | ਹੀ | s | ਬਿ | ਗਾ | s | ਨਾs | s | s |
| ਸਂ | | ਸਂ | | | ਸਂ | | | | | ਸਂ | | | | | ਸਂ | | ਪ | | |
| ਨੁ | ਸਂ | ਗੁਂ | ਗੁਂ | ਮਂ | ਰਂ | ਰਂ | ਸਂ | – | ਸਂ | ਨੁ | ਸਂ | ਰਂ | – | ਸਂ | ਨੁ | ਸ | ਨੁ | ਪ | – |
| ਸ | ਗ | ਲ | s | ਸੰ | s | ਗ | ਹ | s | ਮ | ਕਉ | s | ਬ | s | ਨ | ਆ | s | ਈ | s | s |

ਕਾਨੜਾ ਮਹਲਾ ੫ ॥

Kaanarraa Mehalaa 5 ||

कानड़ा महला ५ ॥

Kaanraa, Fifth Mehl:

*55751 ਪੰ. ੧੩*

Share on facebookShare on twitterShare on emailMore Sharing ServicesShare

**ਬਿਸਰਿ ਗਈ ਸਭ ਤਾਤਿ ਪਰਾਈ ॥**

Bisar Gee Sabh Thaath Paraaee ||

बिसरि गई सभ ताति पराई ॥

I have totally forgotten my jealousy of others,

*55752 ਕਾਨੜਾ (ਮ: ੫) ਗੁਰੂ ਗ੍ਰੰਥ ਸਾਹਿਬ : ਅੰਗ ੧੨੯੯ ਪੰ. ੧੩*

*Raag Kaanrhaa Guru Arjan Dev*

Share on facebookShare on twitterShare on emailMore Sharing ServicesShare

**ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥**

Jab Thae Saadhhasangath Mohi Paaee ||1|| Rehaao ||

जब ते साधसंगति मोहि पाई ॥१॥ रहाउ ॥

Since I found the Saadh Sangat, the Company of the Holy. ||1||Pause||

*55753 ਕਾਨੜਾ (ਮ: ੫) ਗੁਰੂ ਗ੍ਰੰਥ ਸਾਹਿਬ : ਅੰਗ ੧੨੯੯ ਪੰ. ੧੩*

*Raag Kaanrhaa Guru Arjan Dev*

Share on facebookShare on twitterShare on emailMore Sharing ServicesShare

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**

Naa Ko Bairee Nehee Bigaanaa Sagal Sang Ham Ko Ban Aaee ||1||

ना को बैरी नही बिगाना सगल संगि हम कउ बनि आई ॥१॥

No one is my enemy, and no one is a stranger. I get along with everyone. ||1||

*55754 ਕਾਨੜਾ (ਮ: ੫) ਗੁਰੂ ਗ੍ਰੰਥ ਸਾਹਿਬ : ਅੰਗ ੧੨੯੯ ਪੰ. ੧੪*

*Raag Kaanrhaa Guru Arjan Dev*

Share on facebookShare on twitterShare on emailMore Sharing ServicesShare

**ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥**

Jo Prabh Keeno So Bhal Maaniou Eaeh Sumath Saadhhoo Thae Paaee ||2||

जो प्रभ कीनो सो भल मानिओ एहु सुमति साधू ते पाई ॥२॥

Whatever God does, I accept that as good. This is the sublime wisdom I have obtained from the Holy. ||2||

*55755 ਕਾਨੜਾ (ਮ: ੫) ਗੁਰੂ ਗ੍ਰੰਥ ਸਾਹਿਬ : ਅੰਗ ੧੨੯੯ ਪੰ. ੧੪*

*Raag Kaanrhaa Guru Arjan Dev*

Share on facebookShare on twitterShare on emailMore Sharing ServicesShare

**ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥**

Sabh Mehi Rav Rehiaa Prabh Eaekai Paekh Paekh Naanak Bigasaaee ||3||8||

सभ महि रवि रहिआ प्रभु एकै पेखि पेखि नानक बिगसाई ॥३॥८॥

The One God is pervading in all. Gazing upon Him, beholding Him, Nanak blossoms forth in happiness. ||3||8||

# ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955



**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

Postal Regd. No. CH/0045/2015-2017  RNI Regd. No. 46788/89  ISSN 0972-2335

ੴ

ਦਾਤੈ ਦਾਤਿ ਰਖੀ ਹਥਿ ਅਪਣੈ

**DAATE DAAT RAKHI HATH APNE**

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

Anand karo mil
Tera Mukh Suhava Jio
Daate Daat Rakhi Hath Apne

Mere Ram Rai
Nimakh na bisro tum ko har har

ਅਨਦੁ ਕਰਹੁ ਮਿਲਿ – ਤੇਰਾ ਮੁਖੁ ਸੁਹਾਵਾ ਜੀਉ
ਦਾਤੈ ਦਾਤਿ ਰਖੀ ਹਥਿ ਅਪਣੈ –ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630

**E-mail : drjagirsingh@gmail.com    Website : www.amritkirtan.com**